Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20*Issue102 | Monday, May 24, 2021 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਐਨ ਏ ਸੀ ਆਈ ਵੱਲੋਂ ਪਹਿਲਾਂ ਲਾਈ ਗਈ ਵੈਕਸੀਨ ਦੀ ਹੀ ਦੂਜੀ ਡੋਜ਼ ਦੇਣ ਦੀ ਸਿਫਾਰਿਸ਼

ਓਟਵਾ, 23 ਮਈ (ਪੋਸਟ ਬਿਊਰੋ) : ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜ਼ੇਸ਼ਨ ਵੱਲੋਂ ਕੋਵਿਡ-19 ਵੈਕਸੀਨ ਦੀ ਦੂਜੀ ਡੋਜ਼ ਨੂੰ ਲੈ ਕੇ ਜਾਰੀ ਕੀਤੇ ਗਏ ਨਵੇਂ ਦਿਸ਼ਾ ਨਿਰਦੇਸ਼ਾਂ ਤਹਿਤ ਇਹ ਸਿਫਾਰਿਸ਼ ਕੀਤੀ ਗਈ ਹੈ ਕਿ ਦੂਜੇ ਰਾਊਂਡ ਵਿੱਚ ਵੀ ਸਬੰਧਤ ਵਿਅਕਤੀ ਨੂੰ ਪਹਿਲੇ ਰਾਊਂਡ ਵਿੱਚ ਲਾਏ ਗਏ ਟੀਕੇ ਦੀ ਹੀ ਦੂਜੀ ਡੋਜ਼ ਦਿੱਤੀ ਜਾਵੇ।

ਐਨ ਏ ਸੀ ਆਈ ਨੇ ਇਹ ਵੀ ਆਖਿਆ ਹੈ ਕਿ ਜੇ ਕਿਸੇ ਵਿਅਕਤੀ ਨੂੰ ਪਹਿਲਾਂ ਲਾਏ ਗਏ ਟੀਕੇ ਵਾਲੀ ਵੈਕਸੀਨ ਦੀ ਦੂਜੀ ਡੋਜ਼ ਉਪਲਬਧ ਨਹੀਂ ਹੈ ਤਾਂ ਆਕਸਫੋਰਡ ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਜੌਹਨਸਨ ਐਂਡ ਜੌਹਨਸਨ ਅਤੇ ਫਾਈਜ਼ਰ ਬਾਇਓਐਨਟੈਕ ਦੀ ਥਾਂ ਉੱਤੇ ਮੌਡਰਨਾ ਲਵਾਈ ਜਾ ਸਕਦੀ ਹੈ, ਦੋਵੇਂ ਐਮ ਆਰ ਐਨ ਏ ਵੈਕਸੀਨਜ਼ ਹਨ। ਪਰ ਜਦੋਂ ਵਾਇਰਲ ਵੈਕਟਰ ਵੈਕਸੀਨਜ਼ ਐਸਟ੍ਰਾਜ਼ੈਨੇਕਾ



ਤੇ ਜੌਹਨਸਨ ਐਂਡ ਜੌਹਨਸਨ ਦੀ ਗੱਲ ਆਉਂਦੀ ਹੈ ਤਾਂ ਮਾਮਲਾ ਥੋੜ੍ਹਾ ਵਿਵਾਦਗ੍ਰਸਤ ਹੈ।

ਜੌਹਨਸਨ ਐਂਡ ਜੌਹਨਸਨ ਦੀ 300,000 ਡੋਜ਼ਾਂ ਦੀ ਪਹਿਲੀ ਖੇਪ ਦੀ ਵੰਡ ਉੱਤੇ ਅਜੇ ਵੀ ਰੋਕ ਜਾਰੀ ਹੈ। ਹੈਲਥ ਕੈਨੇਡਾ ਨੂੰ ਇਹ ਜਾਣਕਾਰੀ ਮਿਲਣ ਤੋਂ ਬਾਅਦ ਇਸ ਵੈਕਸੀਨ ਦੀ ਵੰਡ ਉੱਤੇ ਰੋਕ ਲਾ ਦਿੱਤੀ ਗਈ ਸੀ ਕਿ ਇਸ ਬੈਚ ਦੇ ਕੁੱਝ ਹਿੱਸੇ ਮੈਰੀਲੈਂਡ ਫੈਸਿਲਿਟੀ ਵਿੱਚ ਤਿਆਰ ਕੀਤੇ ਗਏ ਹਨ, ਜਿੱਥੇ ਕੁਆਲਿਟੀ ਕੰਟਰੋਲ ਦੀ ਸਮੱਸਿਆ ਹੈ।

ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਐਮ ਆਰ ਐਨ ਏ ਵੈਕਸੀਨ ਦੀ ਦੂਜੀ ਡੋਜ਼ ਦਿੱਤੀ ਜਾ ਸਕਦੀ ਹੈ ਜਾਂ ਨਹੀਂ ਇਸ ਬਾਰੇ ਫੈਸਲਾ ਕਰਨ ਲਈ ਐਨ ਏ ਸੀ ਆਈ ਹੋਰ ਡਾਟਾ ਦੀ ਉਡੀਕ ਕਰ ਰਹੀ ਹੈ। ਪਿਛਲੇ ਹਫਤੇ ਜਾਰੀ ਕੀਤੇ ਗਏ ਇੱਕ ਸਪੈਨਿਸ਼ ਅਧਿਐਨ ਵਿੱਚ ਪਾਇਆ ਗਿਆ ਸੀ ਕਿ ਐਸਟ੍ਰਾਜ਼ੈਨੇਕਾ ਦੀ ਥਾਂ ਉੱਤੇ ਦੂਜੀ ਡੋਜ਼ ਫਾਈਜ਼ਰ ਦੀ ਦੇਣ ਨਾਲ ਚੰਗੇ ਨਤੀਜੇ ਮਿਲਦੇ ਹਨ। ਪਰ ਇਸ ਸਬੰਧ ਵਿੱਚ ਅਜੇ ਹੋਰ ਜਾਣਕਾਰੀ ਦੀ ਦਰਕਾਰ ਹੈ।

## ਹਾਊਸ ਪਾਰਟੀ ਵਿੱਚ ਚੱਲੀ ਗਲੀ, 2 ਹਲਾਕ, ਦਰਜਨ ਜ਼ਖ਼ਮੀ

ਨਿਊ ਜਰਸੀ, 23 ਮਈ (ਪੋਸਟ ਬਿਊਰੋ) : ਸੈਂਕੜੇ ਮਹਿਮਾਨਾਂ ਦੀ ਸ਼ਮੂਲੀਅਤ ਵਾਲੀ ਇੱਕ ਹਾਊਸ ਪਾਰਟੀ ਵਿੱਚ ਗੋਲੀ ਚੱਲਣ ਤੋਂ ਬਾਅਦ ਘੱਟੋ ਘੱਟ 2 ਵਿਅਕਤੀ ਮਾਰੇ ਗਏ ਜਦਕਿ ਦਰਜਨ ਦੇ ਲੱਗਭਗ ਜ਼ਖ਼ਮੀ ਹੋ ਗਏ।

ਨਿਊ ਜਰਸੀ ਸਟੇਟ ਪੁਲਿਸ ਨੇ ਦੱਸਿਆ ਕਿ ਸ਼ਨਿੱਚਰਵਾਰ ਰਾਤ ਨੂੰ 11:50 ਉੱਤੇ ਫੇਅਰਫੀਲਡ ਟਾਊਨਸ਼ਿਪ ਵਿੱਚ ਈਸਟ ਕਾਮਰਸ ਸਟਰੀਟ ਉੱਤੇ ਚੱਲ ਰਹੀ ਇਸ ਹਾਊਸ ਪਾਰਟੀ ਵਿੱਚ ਇੱਕ ਪੁਰਸ਼ ਤੇ ਮਹਿਲਾ ਨੂੰ ਗੋਲੀ ਮਾਰ ਦਿੱਤੀ ਗਈ। ਇਸ ਤੋਂ ਇਲਾਵਾ 12 ਹੋਰ ਲੋਕਾਂ ਨੂੰ ਵੀ ਗੋਲੀ



ਮਾਰੀ ਗਈ।

ਕੈਮਡਨ ਦੇ ਕੂਪਰ ਯੂਨੀਵਰਸਿਟੀ ਹਾਸਪਿਟਲ ਨੇ ਦੱਸਿਆ ਕਿ ਇਸ ਘਟਨਾ ਤੋਂ ਬਾਅਦ ਜ਼ਖ਼ਮੀ ਹਾਲਤ ਵਿੱਚ ਉਨ੍ਹਾਂ ਕੋਲ ਛੇ ਵਿਅਕਤੀਆਂ ਨੂੰ ਲਿਆਂਦਾ ਗਿਆ। ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਘਟਨਾ ਵਾਲੀ ਥਾਂ ਤੋਂ ਉਸ ਇਲਾਕੇ ਦੇ ਹੋਰਨਾਂ ਹਸਪਤਾਲਾਂ ਵਿੱਚ ਕਿੰਨੇ ਲੋਕਾਂ ਨੂੰ ਲਿਜਾਇਆ ਗਿਆ।

ਨਿਊ ਜਰਸੀ ਦੀ ਪੁਲਿਸ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਅਜੇ ਤੱਕ ਕਿਸੇ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ ਹੈ। ਪੁਲਿਸ ਦਾ ਇਹ ਵੀ ਕਹਿਣਾ ਹੈ ਕਿ ਇਸ ਘਟਨਾ ਦੇ ਪਿੱਛੇ ਕੀ ਮਕਸਦ ਸੀ, ਇਸ ਬਾਰੇ ਵੀ ਕੋਈ ਜਾਣਕਾਰੀ ਹਾਸਲ ਨਹੀਂ ਹੋਈ ਹੈ ਪਰ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

## ਵੰਨ ਸੁਵੰਨੇ ਸੰਗੀਤ ਤੇ ਸੱਭਿਆਚਾਰਾਂ ਨੂੰ ਆਪਸ ਵਿੱਚ ਪਿਰੋਣ ਦਾ ਕੰਮ ਕਰ ਰਹੀ ਹੈ ਸਮਾਲ ਵਰਲਡ ਮਿਊਜ਼ਿਕ ਸੀਰੀਜ਼

ਟੋਰਾਂਟੋ, 21 ਮਈ (ਪੋਸਟ ਬਿਊਰੋ) : ਪਿਛਲੇ 19 ਸਾਲਾਂ ਤੋਂ ਸਮਾਲ ਵਰਲਡ ਮਿਊਜ਼ਿਕ ਸੀਰੀਜ਼ ਏਸ਼ੀਆ ਦੇ ਬਹੁਤ ਹੀ ਅਮੀਰ ਤੇ ਵੰਨ ਸੁਵੰਨੇ ਸੰਗੀਤ ਦੇ ਰੂ-ਬ-ਰੂ ਕਰਵਾਉਂਦੀ ਆ ਰਹੀ ਹੈ। ਅਗਲੇ ਕੁੱਝ ਹਫਤਿਆਂ ਵਿੱਚ ਏਸ਼ੀਅਨ ਮਿਊਜ਼ਿਕ ਸੀਰੀਜ਼ ਏਸ਼ੀਅਨ ਤੇ ਸਾਊਥ ਏਸ਼ੀਅਨ ਹੈਰੀਟੇਜ ਮੰਥ ਦੌਰਾਨ ਏਸੀਅਨ ਸੰਗੀਤ ਦੀਆਂ ਵੰਨ ਸੁਵੰਨੀਆ ਵੰਨਗੀਆਂ ਪੇਸ਼ ਕਰੇਗੀ। ਪਿਛਲੇ ਸਾਲਾਂ ਵਿੱਚ ਕਰਵਾਏ ਗਏ ਈਵੈਂਟਸ ਦੇ ਮੁਕਾਬਲੇ ਇਸ ਸਾਲ ਇਹ ਈਵੈਂਟ ਵਰਚੂਅਲ, ਮੁਫਤ ਤੇ ਹਰ ਕਿਸੇ ਦੀ ਪਹੁੰਚ ਵਿੱਚ ਹੋਵੇਗਾ। ਟੋਰਾਂਟੋ ਵਿੱਚ ਸਥਿਤ ਸਮਾਲ ਵਰਲਡ ਮਿਊਜ਼ਿਕ ਦੀ ਸ਼ੁਰੂਆਤ 1997 ਵਿੱਚ ਕੀਤੀ ਗਈ ਸੀ। ਇਸ ਦਾ ਮੁੱਖ ਟੀਚਾ ਸੱਭਿਆਚਾਰਕ ਵੰਨ ਸੁਵੰਨਤਾ ਨੂੰ ਇੱਕ ਮੰਚ ਉੱਤੇ ਲਿਆਉਣਾ ਹੈ। ਸਮਾਲ ਵਰਲਡ ਮਿਊਜ਼ਿਕ ਦੇ ਐਗਜ਼ੈਕਟਿਵ ਡਾਇਰੈਕਟਰ ਉਮੈਰ ਜਫਰ ਨੇ



ਆਖਿਆ ਕਿ ਪਹਿਲਾਂ ਅਸੀਂ ਸਾਲ ਵਿੱਚ ਇੱਕਾ ਦੁੱਕਾ ਸ਼ੋਅਜ਼ ਹੀ ਕਰਦੇ ਹੁੰਦੇ ਸੀ ਪਰ ਹੁਣ ਦੋ ਮਹੀਨਿਆਂ ਦੇ ਅਰਸੇ ਵਿੱਚ 19 ਸ਼ੋਅ ਕਰ ਲੈਂਦੇ ਹਾਂ।

ਉਨ੍ਹਾਂ ਆਖਿਆ ਕਿ ਏਸ਼ੀਅਨ ਮਿਊਜ਼ਿਕ ਸੀਰੀਜ਼ ਦੇ ਵਿਕਾਸ ਵਿੱਚ ਟੀਡੀ ਬੈਂਕ ਨੇ ਅਹਿਮ ਭੂਮਿਕਾ ਨਿਭਾਈ ਹੈ ਤੇ ਹੁਣ ਤੱਕ ਇਹ ਸਾਨੂੰ ਸੱਭ ਤੋਂ ਵੱਧ ਫੰਡ ਦੇਣ ਵਾਲਾ ਬੈਂਕ ਰਿਹਾ ਹੈ। ਮਈ ਮਹੀਨੇ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਆਰਟਸ ਤੇ ਕਲਚਰ ਕਮਿਊਨਿਟੀ ਪਹਿਲਕਦਮੀਆਂ ਸ਼ਾਮਲ ਹਨ। ਆਰਗੇਨਾਈਜ਼ੇਸ਼ਨ ਦੇ ਮਕਸਦ ਦੀ ਗੱਲ ਕਰਦਿਆਂ ਜਫਰ ਨੇ ਆਖਿਆ ਕਿ ਮਨੋਰੰਜਨ ਲਈ ਸੰਗੀਤ ਦੀ ਵਰਤੋਂ ਕਰਨਾ ਹੀ ਸਾਡਾ ਮੰਤਵ ਨਹੀਂ ਹੈ। ਸੰਗੀਤ ਸਮਾਜ ਵਿੱਚ ਪਈਆਂ ਵੰਡੀਆਂ ਨੂੰ ਖਤਮ ਕਰਨ ਦਾ ਬਿਹਤਰੀਨ ਰਾਹ ਹੈ ਤੇ ਇਹ ਇੱਕਜੁੱਟਤਾ ਪੈਦਾ ਕਰਦਾ ਹੈ।

ਉਨ੍ਹਾਂ ਆਖਿਆ ਕਿ ਅਸੀਂ ਤਿੰਨ ਨੁਕਤਿਆਂ ਉੱਤੇ ਕੰਮ ਕਰਦੇ ਹਾਂ, ਆਡੀਐਂਸ ਨੂੰ ਨਾਲ ਸ਼ਾਮਲ ਕਰਨਾ, ਕਲਾਕਾਰਾਂ ਨੂੰ ਮੌਕਾ ਦੇਣਾ ਤੇ ਇੰਡਸਟਰੀ ਨੂੰ ਆਪਸ ਵਿੱਚ ਜੋੜਨਾ। ਇਸ ਮੌਕੇ ਇੰਡੋ ਕੈਨੇਡੀਅਨ ਆਰਟਿਸਟ ਹਸ਼ੀਲ ਲੋਢੀਆ ਨੇ ਦੱਸਿਆ ਕਿ ਇਹ ਕੈਨੇਡੀਅਨ ਮਿਊਜ਼ਿਕ ਇੰਡਸਟਰੀ ਦਾ ਮੁਹਾਂਦਰਾ ਬਦਲ ਰਹੇ ਹਨ। ਇਸ ਮੌਕੇ ਲੋਢੀਆ ਦੀ ਜ਼ਿੰਦਗੀ ਉੱਤੇ ਤਿਆਰ ਕੀਤੀ ਗਈ ਮਿਨੀ ਡੌਕਿਊਮੈਂਟਰੀ ਰਾਗਰਾਣੀ ਵੀ ਪੇਸ਼ ਕੀਤੀ ਜਾਵੇਗੀ। ਇਸ ਸਾਲ ਕੌਮਾਂਤਰੀ ਕਲਾਕਾਰਾਂ ਨੂੰ ਵਿਲੱਖਣ ਢੰਗ ਨਾਲ ਗੀਤ, ਡਾਂਸ, ਸਟੋਰੀਟੈਲਿੰਗ ਰਾਹੀਂ ਪੇਸ਼ ਕੀਤਾ ਜਾਵੇਗਾ।

## ਇਟਲੀ ਵਿੱਚ ਕੇਬਲ ਟੁੱਟਣ ਕਾਰਨ ਕੇਬਲ ਕਾਰ ਡਿੱਗੀ, 14 ਹਲਾਕ



ਰੋਮ, 23 ਮਈ (ਪੋਸਟ ਬਿਊਰੋ) : ਉੱਤਰੀ ਇਟਲੀ ਵਿੱਚ ਸਥਿਤ ਪਹਾੜਾਂ ਦੀਆਂ ਚੋਟੀਆਂ ਤੋਂ ਝੀਲਾਂ ਤੇ ਹੋਰ ਖੂਬਸੂਰਤ ਨਜ਼ਾਰਿਆਂ ਦੀ ਝਲਕ ਦਿਖਾਉਣ ਲਈ ਲੋਕਾਂ ਨੂੰ ਲਿਜਾ ਰਹੀ ਕੇਬਲ ਕਾਰ ਕੇਬਲ ਟੁੱਟਣ ਕਾਰਨ ਜ਼ਮੀਨ ਉੱਤੇ ਡਿੱਗ ਗਈ ਤੇ ਫਿਰ ਢਲਾਣ ਤੋਂ ਹੇਠਾਂ ਕਈ ਵਾਰੀ ਪਲਟ ਗਈ, ਜਿਸ ਕਾਰਨ 14 ਵਿਅਕਤੀਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਇਸ ਘਟਨਾ ਵਿੱਚ ਸਿਰਫ ਇੱਕ ਬੱਚਾ ਹੀ ਬਚਿਆ ਹੈ ਤੇ ਉਸ ਨੂੰ ਟੁੱਟੀਆਂ ਹੋਈਆਂ ਹੱਢੀਆਂ ਤੇ ਗੰਭੀਰ ਹਾਲਤ ਵਿੱਚ ਹਸਪਤਾਲ ਭਰਤੀ ਕਰਵਾਇਆ ਗਿਆ ਹੈ।

ਮਾਰੇ ਗਏ ਲੋਕਾਂ ਵਿੱਚੋਂ ਛੇ ਇਜ਼ਰਾਈਲੀ ਨਾਗਰਿਕ ਸਨ, ਇਨ੍ਹਾਂ ਵਿੱਚੋਂ ਚਾਰ ਲੋਕਾਂ ਦਾ ਪਰਿਵਾਰ ਇਟਲੀ ਰਹਿ ਰਿਹਾ ਸੀ। ਇਹ ਜਾਣਕਾਰੀ ਇਜ਼ਰਾਈਲ ਦੇ ਵਿਦੇਸ਼ ਮੰਤਰਾਲੇ ਨੇ ਦਿੱਤੀ। ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਦੂਜਾ ਜੋੜਾ ਇਸ ਪਰਿਵਾਰ ਦਾ ਰਿਸ਼ਤੇਦਾਰ ਸੀ। ਸਟਰੈਸਾ, ਜਿਸ ਥਾਂ ਉੱਤੇ ਇਹ ਘਟਨਾ ਵਾਪਰੀ, ਦੇ ਮੇਅਰ ਮਾਰਸੈਲਾ ਸੇਵੇਰੀਨੋ ਨੇ ਆਖਿਆ ਕਿ ਮੁੱਢਲੀ ਜਾਣਕਾਰੀ ਤੋਂ ਇੰਜ ਲੱਗਦਾ ਹੈ ਕਿ ਪਹਿਲਾਂ ਕੇਬਲ ਟੁੱਟੀ ਤੇ ਫਿਰ ਕੇਬਲ ਕਾਰ ਖੰਭੇ ਨਾਲ ਟਕਰਾਉਣ ਤੋਂ ਬਾਅਦ ਜ਼ਮੀਨ ਉੱਤੇ ਡਿੱਗੀ ਤੇ ਫਿਰ ਉਹ ਢਲਾਣ ਤੋਂ ਦੋ ਤਿੰਨ ਵਾਰੀ ਪਲਟਣ ਮਗਰੋਂ ਕੁੱਝ ਰੁੱਖਾਂ ਨਾਲ ਜਾ ਟਕਰਾਈ। ਮਾਰੇ ਗਏ ਲੋਕ ਕੈਬਿਨ ਵਿੱਚੋਂ ਬਾਹਰ ਜਾ ਡਿੱਗੇ ਹੋਣਗੇ।

ਇਟਲੀ ਦੀ ਸਰਕਾਰ ਨੇ ਇਸ ਮਾਮਲੇ ਦੀ ਜਾਂਚ ਕਰਨ ਲਈ ਇੱਕ ਕਮਿਸ਼ਨ ਦਾ ਐਲਾਨ ਕੀਤਾ ਹੈ, ਜੋ ਕਿ ਇਟਲੀ ਦੇ ਟਰਾਂਸਪੋਰਟ ਇਨਫਰਾਸਟ੍ਰਕਚਰ ਦੇ ਮਿਆਰ ਤੇ ਸੇਫਟੀ ਦੀ ਜਾਂਚ ਕਰੇਗਾ। ਮੌਕੇ ਤੋਂ ਪ੍ਰਾਪਤ ਤਸਵੀਰਾਂ ਅਨੁਸਾਰ ਇਹ ਹਾਦਸਾ ਲੇਕ ਮੈਗਿਓਰ ਨੇੜੇ ਸਥਿਤ ਮੌਟਾਰੋਨ ਪੀਕ ਦੀ ਚੋਟੀ ਨੇੜੇ ਵਾਪਰਿਆ। ਇਟੈਲੀਅਨ ਮੀਡੀਆ ਅਨੁਸਾਰ ਕੇਬਲ ਕਾਰ 50 ਫੁੱਟ ਹੇਠਾਂ ਡਿੱਗੀ ਹੋਵੇਗੀ

## ਫੈਡਰਲ ਸਰਕਾਰ ਨੇ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ 21 ਜੂਨ ਤੱਕ ਵਧਾਈ

ਓਟਵਾ, 21 ਮਈ (ਪੋਸਟ ਬਿਊਰੋ) : ਫੈਡਰਲ ਸਰਕਾਰ ਵੱਲੋਂ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਉਡਾਨਾਂ ਉੱਤੇ ਲੱਗੀ ਪਾਬੰਦੀ ਨੂੰ 21 ਜੂਨ ਤੱਕ ਵਧਾ ਦਿੱਤਾ ਗਿਆ ਹੈ। ਇਹ ਫੈਸਲਾ ਅਹਿਤਿਆਤਨ ਲਿਆ ਗਿਆ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਵਿੱਚ ਕੋਵਿਡ-19 ਵੇਰੀਐਂਟਸ ਵਿੱਚ ਵਾਧਾ ਰੁਕਣ ਦਾ ਨਾਂ ਹੀ ਨਹੀਂ ਲੈ ਰਿਹਾ।

ਟਰਾਂਸਪੋਰਟ ਮੰਤਰੀ ਉਮਰ ਅਲਘਬਰਾ ਨੇ ਸ਼ੁੱਕਰਵਾਰ ਨੂੰ ਇਹ ਐਲਾਨ ਕੀਤਾ। ਦੱਸਿਆ ਗਿਆ ਕਿ ਇਨ੍ਹਾਂ ਦੋਵਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼, ਜਿਹੜੇ ਨੈਗੇਟਿਵ ਪੀ ਸੀ ਆਰ ਟੈਸਟ ਵਿਖਾਉਣ ਲਈ ਅਸਿੱਧਾ ਰੂਟ ਲੈਂਦੇ ਹਨ, ਲਈ ਹੋਰ ਮਾਪਦੰਡ ਵੀ ਬਣਾਏ ਗਏ ਹਨ। 30 ਦਿਨ ਦੀ ਪਾਬੰਦੀ ਸੱਭ ਤੋਂ ਪਹਿਲਾਂ 22 ਅਪਰੈਲ ਨੂੰ ਲਾਈ ਗਈ ਸੀ। ਅਲਘਬਰਾ ਨੇ ਆਖਿਆ ਕਿ ਸਰਹੱਦੀ ਪਾਬੰਦੀਆਂ ਵਿੱਚ ਢਿੱਲ ਦੇਣ ਜਾਂ ਇਨ੍ਹਾਂ ਨੂੰ ਹਟਾਉਣ ਦਾ ਇਹ ਸਹੀ ਸਮਾਂ ਨਹੀਂ ਹੈ।

ਉਨ੍ਹਾਂ ਆਖਿਆ ਕਿ ਪਿਛਲੇ ਮਹੀਨੇ ਅਸੀਂ ਇਹ ਫੈਸਲਾ ਡਾਟਾ ਨੂੰ ਵੇਖਦਿਆਂ ਹੋਇਆਂ ਲਿਆ ਸੀ। ਇਨ੍ਹਾਂ ਦੋਵਾਂ ਦੇਸ਼ਾਂ ਤੋਂ ਆਉਣ ਵਾਲੇ ਟਰੈਵਲਰਜ਼ ਵਿੱਚ ਇਨਫੈਕਸ਼ਨ ਕਾਫੀ ਜ਼ਿਆਦਾ ਪਾਈ ਜਾ ਰਹੀ ਸੀ। ਇਸ ਲਈ ਪਬਲਿਕ ਹੈਲਥ ਦੀ ਸਲਾਹ ਉੱਤੇ ਹੀ ਇਹ ਪਾਬੰਦੀ ਲਾਉਣ ਦਾ ਫੈਸਲਾ ਲਿਆ ਗਿਆ ਸੀ ਤੇ ਹੁਣ ਵੀ ਇਸ ਅਧਾਰ ਉੱਤੇ ਹੀ ਇਹ ਫੈਸਲਾ ਲਿਆ ਗਿਆ ਹੈ ਤੇ ਅਜੇ ਪਾਬੰਦੀਆਂ ਵਿੱਚ ਢਿੱਲ ਦੇਣ ਦਾ ਕੋਈ ਇਰਾਦਾ ਵੀ ਨਹੀਂ ਹੈ।... ਬਾਕੀ ਸਫਾ 3 'ਤੇ

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance | Super Visa Insurance
Critical illness Ins | Mortgage Insurance
Travel & Visitor Ins | Disability Insurance
RESP & TFSA & RRSP | Funeral Insurance
SIMRAN SAINI 416.994.7272
www.allkindinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

Royal Pest Control
Residential Commercial Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps
Cockroaches | Carpenter Ants | Silver Fish | Racoons
Call : PARESH PATEL (Government Approved Licensed Technician)
416 938 4598

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir:647-928-4990
# 25-831 Bovarid Dr. W. Brampton, ON L6X0T9 | www.ufsinsurance.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
25 Cherrycrest Drive, Unit # 6 Brampton, ON, L6P 3W4
Open Saturday
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law | Business Law
Wills & Estates | Family Law
Power of Attorney | Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
10GB
$50/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 10GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਫੈਡਰਲ ਸਰਕਾਰ ਨੇ ਭਾਰਤ ਤੇ ਪਾਕਿਸਤਾਨ ਤੋਂ ਆਉਣ ਵਾਲੀਆਂ ਫਲਾਈਟਸ ਉੱਤੇ ਪਾਬੰਦੀ 21 ਜੂਨ ਤੱਕ ਵਧਾਈ

ਸਫਾ 1 ਦਾ ਬਾਕੀ...

ਪਬਲਿਕ ਹੈਲਥ ਅਧਿਕਾਰੀਆਂ ਵੱਲੋਂ ਕੈਨੇਡਾ ਦੀਆਂ ਸਰਹੱਦਾਂ ਰਾਹੀਂ ਦਾਖਲ ਹੋਏ ਕੋਵਿਡ-19 ਦੇ ਚਾਰ ਵੇਰੀਐਂਟਸ ਆਫ ਕਨਸਰਨ ਦੀ ਪਛਾਣ ਕੀਤੀ ਗਈ ਹੈ। ਇਨ੍ਹਾਂ ਵਿੱਚ ਯੂ ਕੇ ਵਿੱਚ ਪੈਦਾ ਹੋਇਆ ਵੇਰੀਐਂਟ ਬੀ·1·1·7, ਬ੍ਰਾਜ਼ੀਲ ਤੋਂ ਸ਼ੁਰੂ ਹੋਇਆ ਪੀ·1 ਵੇਰੀਐਂਟ, ਸਾਊਥ ਅਫਰੀਕਾ ਵਿੱਚ ਸੱਭ ਤੋਂ ਪਹਿਲਾਂ ਪਾਇਆ ਗਿਆ ਬੀ·1·351 ਤੇ ਭਾਰਤ ਤੋਂ ਸ਼ੁਰੂ ਹੋਇਆ ਬੀ·1·617 ਸ਼ਾਮਲ ਹਨ। ਡਿਪਟੀ ਚੀਫ ਪਬਲਿਕ ਹੈਲਥ ਆਫੀਸਰ ਡਾ· ਹੌਵਰਡ ਨੂ ਨੇ ਆਖਿਆ ਕਿ ਜਿਸ ਹਿਸਾਬ ਨਾਲ ਕੈਨੇਡਾ ਵਿੱਚ ਵੇਰੀਐਂਟਸ ਫੈਲਣ ਦਾ ਸਿਲਸਿਲਾ ਰਿਹਾ ਹੈ ਉਸ ਨੂੰ ਵੇਖਦਿਆਂ ਹੋਇਆਂ ਬਾਰਡਰਜ਼ ਉੱਤੇ ਸਖ਼ਤੀ ਕੀਤੀ ਜਾਣੀ ਬੇਹੱਦ ਜ਼ਰੂਰੀ ਹੈ।

# ਟੂਲਕਿਟਕੇਸ ਬਾਰੇ ਸੰਬਿਤ ਪਾਤਰਾ ਤੇ ਰਮਨ ਸਿੰਘ ਖਿਲਾਫ ਕੇਸ ਦਰਜ, ਪੁੱਛਗਿੱਛ ਲਈ ਪੇਸ਼ੀ ਦਾ ਨੋਟਿਸ ਜਾਰੀ

ਰਾਏਪੁਰ, 23 ਮਈ, (ਪੋਸਟ ਬਿਊਰੋ)- ਕਾਂਗਰਸ ਦੇ ਵਿਰੁੱਧ ਭਾਜਪਾ ਵੱਲੋਂ ਚੁੱਕੇ ਗਏ ਟੂਲਕਿਟਕੇਸ ਵਿਚਐਤਵਾਰ ਨੂੰ ਇੱਕਨਵਾਂ ਮੋੜ ਆ ਗਿਆ ਹੈ। ਭਾਜਪਾ ਨੇ ਇਸ ਟੂਲਕਿਟ ਨੂੰ ਕਾਂਗਰਸ ਵੱਲੋਂ ਬਣਇਆ ਕਿਹਾ ਸੀ ਤਾਂ ਕਾਂਗਰਸ ਇਸ ਨੂੰ ਪੂਰੀ ਤਰ੍ਹਾਂ ਨਾਲ ਫਰਜ਼ੀ ਦੱਸਦੀ ਰਹੀ ਸੀ। ਅੱਜ ਇਸ ਕੇਸ ਵਿਚ ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਵਿੱਚਭਾਜਪਾ ਦੇ ਕੌਮੀ ਮੀਤ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਰਮਨ ਸਿੰਘ ਅਤੇ ਭਾਜਪਾ ਦੇ ਬੁਲਾਰੇ ਸੰਬਿਤ ਪਾਤਰਾ ਦੇ ਖਿਲਾਫ ਕੇਸ ਦਰਜ ਕੀਤਾ ਗਿਆਅਤੇ ਇਨ੍ਹਾਂ ਦੋਵਾਂ ਨੂੰ ਅਗਲੀ ਜਾਂਚ ਲਈ ਪੇਸ ਹੋਣ ਵਾਸਤੇ ਕਹਿ ਦਿੱਤਾ ਗਿਆ ਹੈ।

ਛੱਤੀਸਗੜ੍ਹ ਦੀ ਰਾਜਧਾਨੀ ਰਾਏਪੁਰ ਦੇ ਸਿਵਲ ਲਾਈਨਜ਼ ਥਾਣੇ ਦੇ ਮੁਖੀਆਰ ਕੇ ਮਿਸ਼ਰਾ ਨੇ ਦੱਸਿਆ ਕਿ ਇਸ ਕੇਸ ਵਿੱਚ ਅਸੀਂ ਸੰਬਿਤ ਪਾਤਰਾ ਨੂੰ ਨਿੱਜੀ ਤੌਰ ਉੱਤੇ ਜਾਂ ਵੀਡੀਓ ਕਾਨਫਰੰਸ ਰਾਹੀਂ ਪੇਸ਼ ਹੋਣ ਨੂੰ ਕਿਹਾ ਹੈ। ਇਸ ਬਾਰੇ ਛੱਤੀਸਗੜ੍ਹ ਕਾਂਗਰਸ ਦੀ ਵਿਦਿਆਰਥੀ ਜਥੇਬੰਦੀ ਐਨਐਸ ਯੂ ਆਈ ਵੱਲੋਂ ਇਸ ਦੇ ਪ੍ਰਧਾਨ ਨੇਸੰਬਿਤ ਪਾਤਰਾ ਦੇ ਉਸ ਟਵੀਟ ਦੇ ਖਿਲਾਫ ਸ਼ਿਕਾਇਤਕੀਤੀ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਕਾਂਗਰਸ ਪਾਰਟੀ ਇੱਕਟੂਲਕਿਟਰਾਹੀਂ ਮੋਦੀ ਸ਼ਾਸਨ ਨੂੰ ਬਦਨਾਮ ਕਰ ਰਹੀ ਹੈ।ਵਰਨਣ ਯੋਗ ਹੈ ਕਿ ਪਿਛਲੇ ਦਿਨੀਂ ਭਾਜਪਾ ਬੁਲਾਰੇ ਸੰਬਿਤ ਪਾਤਰਾ ਨੇ ਦਾਅਵਾ ਕੀਤਾ ਸੀ ਕਿ ਰਾਹੁਲ ਗਾਂਧੀ ਰੋਜ਼ ਸਵੇਰੇ ਕੋਰੋਨਾ ਬਾਰੇ ਜੋ ਟਵੀਟ ਕਰਦੇ ਹਨ, ਉਹ ਟੂਲਕਿਟ ਦਾ ਹਿੱਸਾ ਹਨ ਤੇ ਇਹ ਲੋਕ ਕੁੰਭ ਉੱਤੇ ਕੁਮੈਂਟ ਕਰਦੇ ਤੇ ਈਦ ਉੱਤੇ ਚੁੱਪ ਵੱਟ ਲੈਂਦੇ ਹਨ। ਸ਼ਿਕਾਇਤ ਦੇ ਆਧਾਰ ਉੱਤੇ ਪੁਲਿਸ ਨੇ ਸੰਬਿਤ ਪਾਤਰਾ ਅਤੇ ਰਮਨ ਸਿੰਘ ਨੂੰ ਪੁੱਛਗਿੱਛ ਲਈ ਨੋਟਿਸ ਜਾਰੀ ਕੀਤਾ ਹੈ।


# ਲੰਡਨ ਵਿੱਚ ਨਵਾਜ਼ ਸ਼ਰੀਫ ਉੱਤੇ ਹਮਲੇ ਦੀ ਕੋਸ਼ਿਸ਼, ਦਫਤਰ ਵਿੱਚ ਭੰਨਤੋੜ

*** ਪਾਕਿ ਸਰਕਾਰ ਉੱਤੇ ਸ਼ੱਕ ਕੀਤਾ ਗਿਆ**

ਲੰਡਨ, 23 ਮਈ, (ਪੋਸਟ ਬਿਊਰੋ)- ਬ੍ਰਿਟੇਨ ਵਿਚ ਇਲਾਜ ਕਰਵਾਉਣ ਬਹਾਨੇ ਓਥੇ ਗਏ ਹੋਏ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਉੱਤੇ ਹਮਲੇ ਦੀ ਕੋਸ਼ਿਸ਼ ਕੀਤੀ ਗਈ, ਪਰਉਹ ਵਾਲ-ਵਾਲ ਬਚ ਗਏ। ਪੀ ਐੱਮ ਐੱਲ-ਐੱਨ ਦੇ ਪ੍ਰਧਾਨ ਸ਼ਹਿਬਾਜ਼ ਸ਼ਰੀਫ ਨੇ ਇਸ ਕੇਸ ਬਾਰੇ ਕਿਹਾ ਕਿ ਅਣਪਛਾਤੇ ਨਕਾਬਪੋਸ਼ਾਂ ਨੇ ਲੰਡਨ ਵਿਚ ਨਵਾਜ਼ ਸ਼ਰੀਫ ਦੇ ਬੇਟੇ ਦੇ ਦਫਤਰ ਉੱਤੇ ਹਮਲਾ ਕੀਤਾ ਤੇ ਭੰਨਤੋੜ ਕੀਤੀ ਹੈ ਅਤੇ ਇਸ ਦੇ ਪਿੱਛੇ ਪਾਕਿਸਤਾਨ ਦੀ ਸਰਕਾਰ ਦੇ ਕਰੀਬੀ ਲੋਕਾਂ ਦਾ ਹੱਥ ਹੋਣ ਦਾ ਸ਼ੱਕ ਜ਼ਾਹਰ ਕੀਤਾ ਜਾ ਰਿਹਾ ਹੈ।

ਸ਼ਹਿਬਾਜ਼ ਸ਼ਰੀਫਮੁਤਾਬਕ ਚਾਰ ਨਕਾਬਪੋਸ਼ ਲੋਕਾਂ ਨੇ ਸਾਬਕਾ ਪ੍ਰਧਾਨ ਮੰਤਰੀ ਉੱਤੇ ਹਮਲੇਦੀ ਨੀਤ ਨਾਲ ਹਸਨ ਨਵਾਜ਼ ਦੇ ਦਫਤਰ ਉੱਤੇ ਹਮਲਾ ਕੀਤਾ ਤਾਂ ਸਾਰੇ ਹਮਲਾਵਰਾਂ ਨੇ ਮਾਸਕ ਪਹਿਨੇ ਹੋਏ ਸਨ। ਉਨ੍ਹਾਂ ਕਿਹਾ ਕਿ ਇਹ ਬਹੁਤ ਨਿੰਦਾਯੋਗ, ਸ਼ਰਮਨਾਕਤੇ ਚਿੰਤਾਜਨਕ ਹੈ ਕਿ ਗੁੰਡੇ ਲੰਡਨ ਵਿਚ ਹਸਨ ਨਵਾਜ਼ ਦੇ ਦਫਤਰ ਵਿਚ ਹਮਲਾ ਕਰਨ ਦੀ ਨੀਤ ਨਾਲ ਵੜੇ।ਅੱਲ੍ਹਾ ਦਾ ਸ਼ੁਕਰ ਹੈ ਕਿ ਨਵਾਜ਼ ਸ਼ਰੀਫ ਹਮਲੇ ਤੋਂ ਸੁਰੱਖਿਅਤ ਰਹੇ। ਸ਼ਹਿਬਾਜ਼ ਸ਼ਰੀਫ ਪਾਕਿਸਤਾਨੀ ਨੈਸ਼ਨਲ ਅਸੈਂਬਲੀ ਵਿਚ ਵਿਰੋਧੀ ਨੇਤਾ ਹਨ। ਉਨ੍ਹਾਂ ਕਿਹਾ ਨਵਾਜ਼ ਸ਼ਰੀਫ ਨਵੰਬਰ 2019 ਤੋਂ ਲੰਡਨ ਤੋਂ ਇਲਾਜ ਕਰਾ ਰਹੇ ਹਨ। ਉਨ੍ਹਾਂ ਮੁਤਾ-ਬਕ ਲੰਡਨ ਪੁਲਸ ਦੇ ਸੰਬੰਧਤ ਅਧਿਕਾਰੀਆਂ ਨੂੰ ਘਟਨਾ ਦੀ ਡੂੰਘਾਈ ਨਾਲ ਜਾਂਚ ਕਰਨੀ ਚਾਹੀਦੀ ਤੇ ਦੋਸ਼ੀਆਂ ਨੂੰ ਕਾਨੂੰਨ ਮੁਤਾਬਕ ਸਜ਼ਾ ਦੇਣੀ ਚਾਹੀਦੀ ਹੈ।

ਇਸ ਦੌਰਾਨ ਨਵਾਜ਼ ਸ਼ਰੀਫ ਦੀ ਬੇਟੀ ਅਤੇ ਪੀ ਐੱਮ ਐੱਲ-ਐੱਨ ਦੀ ਮੀਤ ਪ੍ਰਧਾਨ ਮਰੀਅਮ ਨੇ ਆਪਣੇ ਦੇਸ਼ ਦੀ ਇਮਰਾਨ ਖਾਨ ਸਰਕਾਰ ਉੱਤੇ ਅਸਿੱਧਾਨਿਸ਼ਾਨਾ ਲਾਉਂਦੇ ਹੋਏ ਇਕ ਟਵੀਟ ਕੀਤਾ ਕਿ ਰਾਜਨੀਤਕ ਨਿਰਾਸ਼ਾ ਤੇ ਹਾਰ ਦੇ ਬਾਅਦ ਅਪਰਾਧਿਕ ਕਾਰਵਾਈਆਂ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ



ਨਵਾਜ਼ ਸ਼ਰੀਫ ਪਾਕਿਸਤਾਨ ਦੇ ਲੋਕਾਂ ਦੀ ਆਵਾਜ਼ ਹਨ, ਜਿਹੜੀ ਚੁੱਪ ਨਹੀਂ ਕਰਵਾਈ ਜਾ ਸਕਦੀ। ਇੰਸ਼ਾ ਅੱਲਾਹ, ਅੱਲਾਹ ਤੁਹਾਡੀ ਰੱਖਿਆ ਕਰੇ ਨਵਾਜ਼ ਸ਼ਰੀਫ। ਇਕ ਹੋਰ ਟਵੀਟ ਵਿਚ ਮਰੀਅਮ ਨੇ ਕਿਹਾ ਕਿ ਹਮਲੇ ਦੇ ਪਿੱਛੇ ਉਨ੍ਹਾਂ ਲੋਕਾਂ ਦਾ ਹੱਥ ਹੈ ਜਿਨ੍ਹਾਂ ਨੇ ਮੇਰੇ ਪਿਤਾ ਦਾ ਜੀਵਨ ਖਤਰੇ ਵਿਚ ਪਾਇਆ ਸੀ, ਜਦੋਂ ਉਹ ਪਾਕਿ-ਸਤਾਨ ਵਿਚ ਨਜ਼ਰਬੰਦ ਸਨ। ਲੰਡਨ ਵਿਚ ਰਹਿੰਦੇ ਪੀ ਐੱਮ ਐੱਲ-ਐੱਨ ਦੇ ਨੇਤਾ ਨਾਸਿਰ ਬੱਟ ਨੇ ਪਾਕਿਸਤਾਨੀ ਦੇ ਐਕਸਪ੍ਰੈੱਸ ਟ੍ਰਿਬਿਊਨ ਨੂੰ ਦੱਸਿਆ ਕਿ ਜਦੋਂ ਚਾਰ ਲੋਕ ਦਫਤਰ ਵਿਚ ਵੜੇਤੇ ਉਨ੍ਹਾਂ ਨੇ ਝੂਠਾ ਦਾਅਵਾ ਕੀਤਾ ਕਿ ਉਹ ਪਾਕਿਸਤਾਨੀ ਨਾਗਰਿਕ ਹਨ, ਓਦੋਂ ਨਵਾਜ਼ ਦਫਤਰ ਵਿਚ ਸਨ। ਉਨ੍ਹਾਂ ਨੇ ਕਿਹਾ ਕਿ ਪੁਲਸ ਨੂੰ ਬੁਲਾਏ ਜਾਣ ਉੱਤੇ ਨਕਾਬਪੋਸ਼ ਇਸ ਦਫਤਰ ਵਿਚੋਂ ਭੱਜ ਗਏ।


REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca



ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936



Jas Toor
Sales Repersentative
Sutton Group-Realty Experts Brokerage*
Independently Owned and Operated.
Call Now: (647)-242-8667
Email- RealtorJasToor@gmail.com

Jagdish Grewal
Sales Repersentative
Century 21 President Realty Inc Brokerage*
Independently Owned and Operated.
Call Now: (416)-970-5005
Email- Jagdish@grewalhomes.com

Caledon
Exclusive Gas Station
Located on very busy road
3 way auto garage + convenience store,1 ਏਕੜ ਦੀ commercial lot ਹੋਰ ਵਧੇਰੇ ਜਾਣਕਾਰੀ ਲਈ ਅੱਜ ਹੀ ਸੰਪਰਕ ਕਰੋ.

Caledon
2.5 ਏਕੜ ਵਿੱਚ ਬਣਿਆ 2 storey ਘਰ , 3500 sq ft. , $5500 ਕਿਰਾਏ ਤੇ ਚੜ੍ਹਿਆ ਹੋਇਆ, offered at very reasonable price.

Mayfield & Gore Road
ਦੇ ਨਜ਼ਦੀਕ 9 ਏਕੜ ਦੀ beautiful clean land with beautiful bunglow available for sale. Lots of future potential.

Caledon
Airport road ਤੇ 500 ft ਦੀ frontage ਵਾਲੇ 10 ਏਕੜ ਜ਼ਮੀਨ 3500 sq.ft. bunglow with walkout basement
Motivated Seller.

Caledon
ਵਿੱਚ 5 ਏਕੜ, Main Highway and Main Street ਤੇ corner lot, House and Shop included, Lots of potential
ਸ਼ੋਪ ਅਤੇ ਘਰ ਕਿਰਾਏ ਤੇ ਚੜ੍ਹਿਆ ਹੋਇਆ.

Free Market Evaluation
-Buy
-Sell
-Invest
Call Now:(647) 242-8667
(416) 970-5005

## ਅੱਜ ਨਾਮਾ

ਫੜੀ ਗਈ ਫੈਕਟਰੀ ਫੇਰ ਸ਼ਰਾਬ ਵਾਲੀ,
ਵੱਡਿਆਂ ਲੋਕਾਂ ਦਾ ਆ ਰਿਹਾ ਨਾਂ ਮਿੱਤਰ।
ਬੀਜੀ ਜਾਂਦੀ ਜ਼ਹਿਰੀਲੀ ਸੀ ਫਸਲ ਓਥੇ,
ਬੋਹੜਾਂ ਵੱਡਿਆਂ ਦੀ ਰੱਖ ਕੇ ਛਾਂ ਮਿੱਤਰ।
ਉੱਗਦਾ ਤੁੰਮਿਆਂ ਤੋਂ ਕੌੜਾ ਮਾਲ ਸੀ ਗਾ,
ਮਿੱਠਿਆਂ ਬਾਗਾਂ ਦੇ ਹੇਠਾਂ ਸੀ ਥਾਂ ਮਿੱਤਰ।
ਕਰ ਰਹੇ ਸਾਨੂੰ ਪੰਜਾਬ ਵਿੱਚ ਰਾਜਨੀਤੀ,
ਜਿਹੜੇ ਸ਼ਕਲੋਂ ਹਨ ਜਾਪਦੇ ਗਾਂ ਮਿੱਤਰ।
ਸ਼ੰਭੂ ਬੈਰੀਅਰ ਦੇ ਕਿੱਸੇ ਸੀ ਸਾਲ ਬੀਤੇ,
ਉਹ ਵੀ ਚੋਰ ਨਾ ਗਏ ਸੀ ਫੜੇ ਮਿੱਤਰ।
ਇਹ ਵੀ ਅੰਤ ਨੂੰ ਵੇਖਿਓ ਨਿਕਲ ਜਾਣੇ,
ਜਿਹੜੇ ਜਾਪਦੇ ਅੱਜ ਹਨ ਅੜੇ ਮਿੱਤਰ।

**ਤੀਸ ਮਾਰ ਖਾਂ**

# ਬੇਅਦਬੀ ਕੇਸ ਦੇ ਬਦਲੇ ਲਈ ਡੇਰਾ ਪ੍ਰੇਮੀ ਦੇ ਕਤਲ ਦੀ ਸਾਜ਼ਿਸ਼ ਵਿੱਚ ਦੋ ਖਾਲਿਸਤਾਨੀ ਗ੍ਰਿਫ਼ਤਾਰ

ਚੰਡੀਗੜ੍ਹ, 23 ਮਈ, (ਪੋਸਟ ਬਿਊਰੋ)- ਪੰਜਾਬ ਪੁਲਿਸ ਵੱਲੋਂ ਖਾਲਿਸਤਾਨ ਟਾਈਗਰਜ਼ ਫੋਰਸ (ਕੇ ਟੀ ਐਫ) ਦੇ ਦੋ ਕਾਰਕੁਨਾਂ ਨੂੰ ਗ੍ਰਿਫਤਾਰ ਕਰਨ ਪਿੱਛੋਂ ਦਾਅਵਾ ਕੀਤਾ ਗਿਆ ਹੈ ਕਿ ਇਹ ਲੋਕ ਡੇਰਾਸੱਚਾ ਸੌਦਾ ਦੇ ਇੱਕ ਪ੍ਰੇਮੀ ਦੇ ਕਤਲ ਤੇ ਇੱਕ ਪੁਜਾਰੀ ਉੱਤੇ ਗੋਲੀਆਂ ਚਲਾਉਣ ਸਮੇਤ ਪਿਛਲੇ ਇੱਕ ਸਾਲ ਵਿੱਚ ਵੀ ਘੱਟ ਸਮੇਂ ਵਿੱਚ ਕਈ ਕੇਸਾਂ ਵਿਚ ਸ਼ਾਮਲ ਸਨ।ਪੁਲਸ ਮੁਤਾਬਕ ਇਹ ਦੋਵੇਂ ਜਣੇ ਕੇ ਟੀ ਐਫ ਦੇ ਕਨੇਡਾ ਵਿਚਲੇ ਖਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਹੇ ਉੱਤੇ ਕੰਮ ਕਰਦੇ ਸਨ, ਜਿਸਦਾ ਨਾਮ ਖਾਲਿਸਤਾਨੀ ਆਗੂਆਂ ਦੀ ਉਸ ਸੂਚੀ ਵਿਚ ਸੀ,ਜਿਹੜੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਸਾਲ 2018 ਵਿੱਚ ਉਨ੍ਹਾਂ ਦੇ ਭਾਰਤ ਤੇ ਫਿਰ ਪੰਜਾਬ ਦੇ ਦੌਰੇ ਉੱਤੇ ਆਉਣ ਸਮੇਂ ਖੁਦ ਹੀ ਸੌਂਪੀ ਸੀ।

ਪੁਲਸ ਮੁਤਾਬਕ ਲਵਪ੍ਰੀਤ ਸਿੰਘ ਉਰਫ ਰਵੀ ਅਤੇ ਰਾਮ ਸਿੰਘ ਉਰਫ ਸੋਨੂੰ ਨੂੰ ਸ਼ਨੀਵਾਰ ਰਾਤ ਰੇਲਵੇ ਕਰਾਸਿੰਗ ਮਹਿਣਾਜ਼ਿਲਾ ਮੋਗਾ ਨੇੜੇ ਸੀਨੀਅਰ ਸੈਕੰਡਰੀ ਸਕੂਲ ਦੇ ਪਿਛਲੇ ਪਾਸਿਉਂਫੜ ਕੇਪੁਲਿਸਨੇਇੱਕ ਹੋਰ ਡੇਰਾ ਪ੍ਰੇਮੀ ਨੂੰ ਮਾਰਨ ਦੀ ਯੋਜਨਾ ਫੇਲ੍ਹ ਕਰ ਦਿੱਤੀ ਹੈ, ਜਿਸ ਨੂੰ ਇਹ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਮਾਰਨਾ ਚਾਹੁੰਦੇ ਸਨ। ਗ੍ਰਿਫ਼ਤਾਰ ਦੋਸ਼ੀਆਂਕੋਲੋਂ ਤਿੰਨ 32 ਬੋਰ ਪਿਸਤੌਲ, 38 ਕਾਰਤੂਸ,ਇੱਕ 0.315 ਬੋਰ ਪਿਸਤੌਲ ਤੇ 10 ਕਾਰਤੈਸਾਂ ਦੇ ਨਾਲ ਦੋ ਮੈਗਜ਼ੀਨ ਵੀ ਮਿਲੇ ਹਨ ਅਤੇ ਇਨ੍ਹਾਂ ਤੋਂ ਅਗਲੀ ਪੁੱਛਗਿੱਛ ਕੀਤੀ ਜਾ ਰਹੀ ਹੈ।

ਪੰਜਾਬ ਪੁਲਸ ਦੇ ਮੁਖੀ (ਡੀਜੀਪੀ) ਦਿਨਕਰ ਗੁਪਤਾ ਨੇ ਅੱਜ ਐਤਵਾਰ ਦੱਸਿਆ ਕਿ ਨਿੱਝਰ ਤੋਂ ਇਲਾਵਾ ਕੇ ਟੀ ਐਫ ਦੇ ਤਿੰਨ ਹੋਰ ਸਾਜ਼ਿਸ਼ ਕਰਤਾ ਵਜੋਂ ਅਰਸ਼ਦੀਪ, ਰਮਨਦੀਪ ਤੇ ਚਰਨਜੀਤ ਉਰਫ ਰਿੰਕੂ ਬੀਹਲਾ ਦਾਪਤਾ ਲੱਗਾ ਹੈ ਅਤੇ ਇਹ




ਸਰੀ (ਬੀਸੀ) ਕਨੇਡਾ ਵਿੱਚ ਅਤੇ ਕਮਲਜੀਤ ਸ਼ਰਮਾ ਉਰਫ਼ ਕਮਲ ਹਾਲੇ ਤੱਕ ਫਰਾਰ ਹੈ। ਉਨ੍ਹਾਂ ਮੁਤਾਬਕ ਅਰਸ਼ਦੀਪ ਸਿੰਘ ਉਰਫ਼ ਅਰਸ਼ ਪੁੱਤਰ ਚਰਨਜੀਤ ਸਿੰਘ ਪਿੰਡ ਡੱਲਾ (ਮੋਗਾ) ਅਤੇ ਰਮਨਦੀਪ ਸਿੰਘ ਉਰਫ ਰਮਨ ਜੱਜ ਪੁੱਤਰ ਸੁਖਜਿੰਦਰ ਸਿੰਘ ਵਾਸੀ ਫਿਰੋਜ਼ਪੁਰ 2019 ਅਤੇ 2017 ਵਿਚ ਕਾਨੂੰਨੀ ਤੌਰ ਉੱਤੇ ਕਨੇਡਾ ਗਏ ਸਨ, ਚਰਨਜੀਤ ਸਿੰਘ ਉਰਫ਼ ਰਿੰਕੂ ਬੀਹਲਾ ਪੁੱਤਰ ਗੁਰਜੀਤ ਸਿੰਘ ਪਿੰਡ ਬੀਹਲਾ, ਜ਼ਿਲਾ ਬਰਨਾਲਾ ਸਾਲ 2013-14 ਦੇ ਨੇੜੇ-ਤੇੜੇ ਗੈਰ ਕਾਨੂੰਨੀ ਢੰਗ ਨਾਲ ਓਥੇ ਗਿਆ ਸੀ।ਗੁਪਤਾ ਨੇ ਦੱਸਿਆ ਕਿ ਐਸਐਸ ਪੀ ਮੋਗਾ ਹਰਮਨਬੀਰ ਸਿੰਘ ਗਿੱਲ ਦੀ ਅਗਵਾਈ ਹੇਠਮੁੱਢਲੀ ਜਾਂਚ ਵਿੱਚ ਪਤਾ ਲੱਗਾ ਕਿ ਲਵਪ੍ਰੀਤ ਉਰਫ ਰਵੀ ਤੇ ਕਮਲਜੀਤ ਸ਼ਰਮਾ ਉਰਫ ਕਮਲ ਦੋਵੇਂ ਅਰਸ਼ਦੀਪ ਨੂੰ ਜਾਣਦੇ ਸਨ, ਕਿਉਂਕਿ ਇਕੋ ਪਿੰਡ ਦੇ ਸਨ।ਕਮਲ ਨੂੰ ਆਈਟੀ ਆਈ ਮੋਗਾ ਦਾ ਵਿਦਿਆਰਥੀ ਰਾਮ ਸਿੰਘ ਉਰਫ ਸੋਨੂੰ ਵਾਸੀ ਘੱਲ ਖੁਰਦ ਕਾਲਜ ਵੇਲੇ ਤੋਂ ਜਾਣਦਾ ਸੀ।ਉਸ ਨੇ ਇਨ੍ਹਾਂ ਨੂੰ ਵੈਸਟਰਨ ਯੂਨੀਅਨ ਤੋਂ ਪੈਸੇ ਭੇਜੇ ਤਾਂਪਿਛਲੇ ਸਾਲ 20 ਨਵੰਬਰ ਨੂੰ ਸੋਨੂੰ ਅਤੇ ਕਮਲ ਨੇ ਜ਼ਿਲ੍ਹਾ ਬਠਿੰਡਾ ਦੇ ਭਗਤਾ ਭਾਈਕਾ ਵਿਖੇ ਡੇਰਾ ਪ੍ਰੇਮੀ ਮਨੋਹਰ ਲਾਲ ਨੂੰ ਮਾਰ ਦਿੱਤਾ ਸੀ। ਡੀ ਜੀ ਪੀ ਮੁਤਾਬਕ ਸੋਨੂੰ ਨੇ ਦੋਵਾਂ ਹੱਥਾਂ ਵਿੱਚ ਪਿਸਤੌਲਾਂ ਨਾਲ 3-4 ਗੋਲੀਆਂ ਚਲਾਈਆਂ ਸਨ।

ਇਹੀ ਨਹੀਂ, ਡੀ ਜੀ ਪੀ ਦੇ ਦੱਸਣ ਮੁਤਾਬਕ ਇਸ ਸਾਲ 31 ਜਨਵਰੀ ਨੂੰ ਫਿਲੌਰ (ਜਲੰਧਰ ਪੇਂਡੂ) ਦੇ ਭਾਰ ਸਿੰਘ ਪੁਰਾਪਿੰਡ ਵਿੱਚ ਪੁਜਾਰੀ ਕਮਲਦੀਪ ਸ਼ਰਮਾ ਉੱਤੇ ਫਾਇਰਿੰਗਵਿੱਚ ਸੋਨੂੰ ਤੇ ਕਮਲ ਸ਼ਾਮਲ ਸਨ। ਪੁਜਾਰੀ ਨੂੰ ਤਿੰਨ ਵਾਰ ਗੋਲੀ ਮਾਰਨ ਸਮੇਂ ਇਸ ਹਮਲੇ ਵਿਚ ਇਕ ਲੜਕੀ ਅਤੇ ਉਹ ਗੰਭੀਰ ਜ਼ਖਮੀ ਹੋ ਗਏ ਸਨਅਤੇ ਸ਼ੱਕ ਹੈ ਕਿ ਇਹ ਹਮਲਾ ਨਿੱਝਰ ਦੇ ਕਹਿਣ ਉੱਤੇਹੋਇਆ ਸੀ। ਸਤੰਬਰ 2020 ਵਿਚ ਨਿੱਝਰ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਖਾੜਕੂ ਐਲਾਨ ਕੀਤਾ ਅਤੇਪਿੰਡ ਭਾਰ ਸਿੰਘ ਪੁਰਾ ਵਿਚ ਉਸ ਦੀ ਜਾਇਦਾਦ ਜ਼ਬਤ ਕਰ ਲਈ ਸੀ।

ਅਰਸ਼ਦੀਪ (ਜੋ ਓਦੋਂ ਭਾਰਤ ਆਇਆ ਸੀ) ਨਾਲ ਮਿਲ ਕੇ ਕਮਲ ਤੇ ਰਵੀ ਨੇ 27 ਜੂਨ 2020 ਨੂੰ ਆਪਣੇ ਸਾਥੀ ਸੁੱਖਾ ਲੰਮਾ ਦਾ ਕਤਲ ਕਰ ਕੇ ਲਾਸ਼ ਪਿੰਡ ਮਾਧੋਕੇ ਵਿਖੇ ਦੌਧਰ ਨਹਿਰ ਵਿੱਚ ਸੁੱਟ ਦਿੱਤੀ ਸੀ।ਫਿਰ 14 ਜੁਲਾਈ 2020 ਨੂੰ ਰਵੀ ਅਤੇ ਕਮਲ ਨੇ ਮੋਗਾ ਵਿੱਚੋਂ ਸ਼ੋਸ਼ਣ ਕਰਨ, ਫਿਰੌਤੀ ਲੈਣ ਤੇ ਦਹਿਸ਼ਤ ਪੈਦਾ ਕਰਨ ਲਈ ਸੁਪਰ ਸ਼ਾਈਨ ਕਪੜਾ ਸਟੋਰ ਦਾ ਮਾਲਕ ਤੇਜਿੰਦਰ ਉਰਫ਼ ਪਿੰਕਾ ਮਾਰ ਦਿੱਤਾ ਸੀ।ਪਿੱਛੋਂ ਪਤਾ ਲੱਗਾਕਿ ਰਵੀ ਨੇ ਪਿੰਕਾ ਉੱਤੇਗੋਲੀ ਚਲਾਈ ਤੇ ਕਮਲ ਦੁਕਾਨ ਅੱਗੇ ਖੜ੍ਹਾ ਸੀ। ਡੀਜੀਪੀ ਨੇ ਕਿਹਾ ਕਿ ਕਮਲ ਦੀ ਗ੍ਰਿਫ਼ਤਾਰੀ ਦੇ ਯਤਨ ਜਾਰੀ ਹਨ ਤੇ ਨਿੱਝਰ ਵਿਰੁੱਧ ਰੈਡ ਕਾਰਨਰ ਨੋਟਿਸ ਹੋਣ ਪਿੱਛੋਂਕੈਨੇਡੀਅਨ ਅਧਿਕਾਰੀਆਂ ਨੇ ਉਸ ਨੂੰ 'ਨੋ ਫਲਾਈ ਲਿਸਟ'ਵਿੱਚ ਪਾ ਦਿੱਤਾ ਸੀ।

### ਕਿਸਾਨਾਂ ਦਾ ਸਖਤ ਫਰਮਾਨ

## ਭਾਜਪਾ ਅਤੇ ਜੇ ਜੇ ਪੀ ਵਾਲਿਆਂ ਨਾਲ ਕੁੜੀਆਂ-ਮੁੰਡਿਆਂ ਦਾ ਰਿਸ਼ਤਾ ਵੀ ਨਹੀਂ ਕੀਤਾ ਜਾਵੇਗਾ

ਜੀਂਦ, 23 ਮਈ, (ਪੋਸਟ ਬਿਊਰੋ)- ਹਰਿਆਣਾ ਦੇ ਕਿਸਾਨਾਂ ਨੇ ਫੈਸਲਾ ਕੀਤਾ ਹੈ ਕਿ ਭਾਜਪਾ ਤੇ ਜੇਜੇ ਪੀ ਨਾਲ ਸਬੰਧ ਰੱਖਦੇ ਲੋਕਾਂ ਨਾਲ ਕੋਈ ਸਬੰਧ ਨਹੀਂ ਰੱਖਣਾ, ਨਾ ਕਿਸੇ ਵਿਆਹ ਮੁੰਡੇ ਦਾ ਉਨ੍ਹਾਂ ਦੇ ਘਰ ਕੀਤਾ ਜਾਵੇਗਾ ਤੇ ਨਾ ਕੁੜੀ ਦਾ।ਇਹ ਫੈਸਲਾ ਜੀਂਦ ਦੇ ਖਟਕੜ ਟੋਲ ਪਲਾਜ਼ਾ ਵਿਖੇ ਸੈਂਕੜੇ ਕਿਸਾਨਾਂ ਦੀ ਹਾਜ਼ਰੀ ਵਿੱਚਕੀਤਾ ਗਿਆ।

ਕਿਸਾਨ ਆਗੂ ਕਹਿੰਦੇ ਹਨ ਕਿ ਅਸੀਂ ਹਰਿਆਣਾ ਦੀ ਭਾਜਪਾ ਅਤੇ ਜੇ ਜੇ ਪੀ ਪਾਰਟੀ ਦੀ ਸਰਕਾਰ ਨੂੰ ਕਿਸਾਨ ਵਿਰੋਧੀ ਸਮਝਦੇ ਹੋਣ ਕਾਰਨ ਫੈਸਲਾ ਲਿਆ ਹੈ ਕਿ ਭਾਜਪਾ ਅਤੇ ਜਨਨਾਇਕ ਜਨਤਾ ਪਾਰਟੀ ਨਾਲ ਕੋਈ ਰਿਸ਼ਤਾ ਨਹੀਂ ਕਰੇਗਾਤੇ ਜਿਵੇਂ ਪਿੰਡ ਵਿੱਚ ਕਿਸੇ ਵਿਅਕਤੀ ਦਾ ਹੁੱਕਾ-ਪਾਣੀ ਬੰਦ ਕੀਤਾ ਹੋਵੇ ਤਾਂ ਲੋਕ ਉਸ ਨਾਲ ਸਬੰਧ ਨਹੀਂ ਰੱਖਦੇ, ਇਸੇ ਤਰ੍ਹਾਂ ਕਿਸਾਨਾਂ ਦਾ ਭਾਜਪਾ ਅਤੇ ਜੇਜੇਪੀ ਪਾਰਟੀ ਦੇ ਆਗੂਆਂ ਨਾਲ ਕੋਈ ਸਬੰਧ ਨਹੀਂ ਰਹੇਗਾ ਅਤੇ ਨਾ ਲੜਕੀ ਤੇ ਨਾ ਲੜਕੇ ਦੀ ਉਨ੍ਹਾਂ ਦੇ ਘਰ ਸ਼ਾਦੀ ਕਰਨਗੇ।ਇਸ ਤੋਂ ਪਹਿਲਾਂ ਕਿਸਾਨਾਂ ਨੇ ਭਾਜਪਾ ਅਤੇ ਜੇਜੇਪੀ ਨੇਤਾਵਾਂ ਦੇ ਪਿੰਡਾਂ ਤੇ ਸ਼ਹਿਰਾਂ ਵਿੱਚਵੜਨ ਦੀ ਪਾਬੰਦੀ ਲਾਈ ਹੋਣ ਕਾਰਨ ਦੋਵਾਂ ਪਾਰਟੀਆਂ ਦੇ ਆਗੂ ਓਥੇ ਨਹੀਂ ਆਉਂਦੇ। ਜੇ ਕੋਈ ਆਉਂਦਾ ਹੈ ਤਾਂ ਉਨ੍ਹਾਂ ਨੂੰ ਕਾਲੇ ਝੰਡੇ ਦਿਖਾਏ ਜਾਂਦੇ ਹਨ ਤੇ ਉਨ੍ਹਾਂ ਦਾ ਸਮਾਜਿਕ ਤੇ ਰਾਜਨੀਤਕ ਬਾਈਕਾਟ ਕੀਤਾ ਗਿਆ ਹੈ।

# ਓਲੰਪੀਅਨ ਸੁਸ਼ੀਲ ਕੁਮਾਰ ਕਤਲ ਦੇ ਕੇਸ ਵਿੱਚ ਗ੍ਰਿਫਤਾਰ

### * ਕੋਰਟ ਨੇ 6 ਦਿਨਾਂ ਪੁਲਿਸ ਕਸਟਡੀ ਵਿੱਚ ਭੇਜਿਆ

ਨਵੀਂ ਦਿੱਲੀ, 23 ਮਈ, (ਪੋਸਟ ਬਿਊਰੋ)- ਰਾਜਧਾਨੀ ਦਿੱਲੀ ਦੇ ਛਤਰਸਾਲ ਸਟੇਡੀਅਮ ਵਿੱਚ 23 ਸਾਲਾ ਪਹਿਲਵਾਨ ਸਾਗਰ ਧਨਖੜ ਦੇ ਕਤਲ ਦੇ ਕੇਸ ਵਿਚ ਗ੍ਰਿਫਤਾਰ ਓਲੰਪਿਕ ਤਗਮਾ ਜੇਤੂ ਪਹਿਲਵਾਨ ਸੁਸ਼ੀਲ ਕੁਮਾਰ ਨੂੰ ਅੱਜ ਦਿੱਲੀ ਦੀ ਰੋਹਿਣੀ ਦੀ ਅਦਾਲਤ ਨੇ 6 ਦਿਨਾਂ ਦੀ ਪੁਲਿਸ ਹਿਰਾਸਤ ਵਿਚ ਭੇਜ ਦਿੱਤਾ ਹੈ। ਸੁਸ਼ੀਲ ਦੇ ਸਾਥੀ ਅਜੈ ਨੂੰ ਵੀ ਅਦਾਲਤ ਨੇ ਇਸ ਦੇ ਨਾਲ ਹੀ 6 ਦਿਨਾਂ ਦੇ ਪੁਲਿਸ ਰਿਮਾਂਡ ਉੱਤੇ ਭੇਜ ਦਿੱਤਾ ਹੈ।




ਦਿੱਲੀ ਪੁਲਿਸ ਨੇ ਦੱਸਿਆ ਕਿ ਜਿਸ ਵੀਡੀਓ ਵਿੱਚ ਸਾਗਰ ਨੂੰ ਕੁੱਟਿਆ ਜਾ ਰਿਹਾ ਹੈ, ਉਹ ਉਚੇਚੀ ਬਣਾਈ ਗਈਸੀ ਤਾਂ ਜੋ ਸੁਸ਼ੀਲ ਆਪਣੇ ਸਰਕਟ ਵਿੱਚ ਹਾਵੀ ਰਹੇ ਤੇ ਕੋਈ ਉਸ ਦਾ ਵਿਰੋਧ ਨਾ ਕਰੇ। ਸੁਸ਼ੀਲ ਨੇ ਹੀ ਪ੍ਰਿੰਸ ਨੂੰ ਵੀਡੀਓ ਬਣਾਉਣ ਲਈ ਕਿਹਾ ਸੀ, ਪਰ ਜਦੋਂ ਸਾਗਰ ਦੀ ਮੌਤ ਹੋ ਗਈ ਤਾਂ ਦੋਸ਼ੀ ਭੱਜ ਗਏ ਸਨ। ਪਹਿਲਵਾਨ ਸਾਗਰ ਧਨਖੜ ਦੇ ਪਿਤਾ ਦਾ ਕਹਿਣਾ ਹੈ ਕਿ ਸੁਸ਼ੀਲ ਕੁਮਾਰ ਦੇ ਖਿਲਾਫ ਸਬੂਤ ਹਨ ਅਤੇ ਉਸ ਨੂੰ ਸਜ਼ਾ ਹੋਣੀ ਚਾਹੀਦੀ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਸੁਸ਼ੀਲ ਕੁਮਾਰ ਤੇ ਕੁਝ ਹੋਰ ਪਹਿਲਵਾਨਾਂ ਨੇ 4 ਮਈ ਦੀ ਰਾਤ ਦਿੱਲੀ ਦੇ ਛਤਰਸਾਲ ਸਟੇਡੀਅਮ ਕੰਪਲੈਕਸ ਵਿਖੇ ਪਹਿਲਵਾਨ ਸਾਗਰ ਰਾਣਾ ਨੂੰ ਕੁੱਟਿਆ ਸੀ, ਜਿਸ ਨਾਲ ਉਸ ਦੀ ਮੌਤ ਹੋ ਗਈ। ਇਸ ਦੌਰਾਨ ਸਾਗਰ ਦੇ ਦੋਸਤ ਸੋਨੂੰ ਤੇ ਅਮਿਤ ਕੁਮਾਰ ਵੀ ਜ਼ਖ਼ਮੀ ਹੋ ਗਏ।ਸੁਸ਼ੀਲ ਕੁਮਾਰ ਵੱਲੋਂ ਉਨ੍ਹਾਂ ਦੇ ਵਕੀਲ ਨੇ ਕਿਹਾ ਕਿ ਜਿਸ ਘਟਨਾ ਵਿਚ ਸੁਸ਼ੀਲ ਕੁਮਾਰ ਨੂੰ ਦੋਸ਼ੀ ਮੰਨਿਆ ਗਿਆ ਹੈ, ਉਸ ਬਾਰੇ ਸ਼ਿਕਾਇਤ ਵਿੱਚ ਨਾ ਚਸ਼ਮਦੀਦ ਗਵਾਹਾਂ ਦਾ ਕੋਈ ਬਿਆਨ ਹੈ ਅਤੇ ਨਾਇਹ ਲਿਖਿਆ ਹੈ ਕਿ ਕਿਸਨੇ ਗੋਲੀ ਚਲਾਈ। ਵਕੀਲ ਨੇ ਕਿਹਾ ਕਿ ਚਲਾਈਆਂ ਸਾਰੀਆਂ ਗੋਲੀਆਂ ਹਵਾਈ ਫਾਇਰ ਸਨ ਅਤੇ ਜੇ ਗੋਲੀ ਨਾਲ ਮੌਤ ਨਹੀਂ ਹੋਈ ਤਾਂ 302 ਦਾ ਕੇਸ ਕਿਵੇਂ ਬਣਾਇਆ ਗਿਆ?

# ਚੁਫੇਰਿਉਂ ਘਿਰ ਗਏ ਰਾਮਦੇਵ ਨੂੰ ਐਲੋਪੈਥਿਕ ਸਿਸਟਮ ਬਾਰੇ ਆਪਣੀ ਟਿੱਪਣੀ ਵਾਪਸ ਲੈਣੀ ਪਈ

ਨਵੀਂ ਦਿੱਲੀ, 23 ਮਈ, (ਪੋਸਟ ਬਿਊਰੋ)- ਯੋਗੀ ਬਾਬਾ ਰਾਮਦੇਵ ਨੇ ਐਲੋਪੈਥਿਕ ਦਵਾਈਆਂ ਬਾਰੇ ਆਪਣਾ ਉਹ ਤਾਜ਼ਾ ਬਿਆਨਅੱਜ ਐਤਵਾਰ ਨੂੰ ਵਾਪਸ ਲੈ ਲਿਆ, ਜਿਸ ਦਾ ਭਾਰਤ ਦੇ ਡਾਕਟਰਾਂ ਨੇ ਸਖਤ ਵਿਰੋਧ ਕੀਤਾ ਸੀ।

ਵਰਨਣ ਯੋਗ ਹੈ ਕਿ ਰਾਮਦੇਵ ਵੱਲੋਂ ਐਲੋਪੈਥੀ ਸਿਸਟਮ ਦੇ ਖਿਲਾਫ ਬਿਆਨ ਦੇਣ ਦਾ ਡਾਕਟਰਾਂ ਦੀਆਂ ਲਗਭਗ ਸਾਰੀਆਂ ਜਥੇਬੰਦੀਆਂ ਨੇ ਵਿਰੋਧ ਕੀਤਾ ਅਤੇ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਸੀ ਤੇ ਕੇਂਦਰੀ ਸਿਹਤ ਮੰਤਰੀ ਉੱਤੇ ਰਾਮਦੇਵ ਦਾ ਪੱਖ ਲੈਣ ਦਾ ਦੋਸ਼ ਲੱਗਣ ਲੱਗਾ ਸੀ। ਇਸ ਪਿੱਛੋਂਸਿਹਤ ਮੰਤਰੀ ਹਰਸ਼ਵਰਧਨ ਨੇ ਰਾਮਦੇਵ ਦੀ ਨਿੰਦਾ ਕੀਤੀ ਤੇ ਬਿਆਨ ਵਾਪਸ ਲੈਣ ਨੂੰ ਕਿਹਾ ਸੀ। ਡਾ: ਹਰਸ਼ਵਰਧਨ ਦੇਜਵਾਬ ਵਿੱਚ ਰਾਮਦੇਵ ਨੇ ਕਿਹਾ ਕਿ ਉਹ ਮੁੱਦਾ ਸ਼ਾਂਤ ਕਰਨਾ ਚਾਹੁੰਦੇ ਹਨ। ਉਨ੍ਹਾਂ ਆਪਣੇ ਨਿਜੀ ਟਵਿੱਟਰ ਹੈਂਡਲ ਤੋਂ ਕਿਹਾ, 'ਸਤਿਕਾਰਯੋਗ ਸ੍ਰੀ ਹਰਸ਼ਵਰਧਨ ਜੀ, ਤੁਹਾਡਾ ਪੱਤਰ ਮਿਲਿਆ ਹੈ, ਇਸ ਸੰਦਰਭ ਵਿੱਚ ਡਾਕਟਰੀ ਤਕਨੀਕ ਦੇ ਸੰਘਰਸ਼ ਦੇ ਇਸ ਵਿਵਾਦ ਨੂੰ ਅਫੋਸਸਨਾਕ ਵਿਰਾਮ ਦਿੰਦੇ ਹੋਏ ਮੈਂ ਆਪਣੀ



ਟਿੱਪਣੀ ਵਾਪਸ ਲੈਂਦਾ ਹਾਂ ਅਤੇ ਇਹ ਪੱਤਰ ਆਪ ਨੂੰ ਭੇਜ ਰਿਹਾ ਹੈ।'

ਇਸ ਤੋਂ ਪਹਿਲਾਂ ਕੇਂਦਰੀ ਸਿਹਤ ਮੰਤਰੀ ਹਰਸ਼ਵਰਧਨ ਨੇ ਐਲੋਪੈਥੀ ਬਾਰੇ ਯੋਗੀ ਰਾਮਦੇਵ ਵੱਲੋਂ ਦਿੱਤੇ ਬਿਆਨ ਨੂੰ 'ਬੇਹੱਦ ਮੰਦਭਾਗਾ' ਕਰਾਰ ਦਿੰਦੇ ਹੋਏ ਇਹ ਬਿਆਨ ਵਾਪਸ ਲੈਣ ਨੂੰ ਕਿਹਾ ਸੀ। ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ ਐੱਮ ਏ) ਨੇ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਏ ਰਾਮਦੇਵ ਦੇ ਵੀਡੀਓ ਦੇ ਹਵਾਲੇ ਨਾਲ ਬੀਤੇ ਸ਼ਨੀਵਾਰ ਕਿਹਾ ਸੀ ਕਿ ਰਾਮਦੇਵ ਦਾ ਦਾਅਵਾ ਹੈ ਕਿ ਐਲੋਪੈਥੀ 'ਬਕਵਾਸ ਵਿਗਿਆਨ' ਹੈ ਤੇ ਭਾਰਤ ਦੇ ਡਰੱਗ ਕੰਟਰੋਲਰ ਵਲੋਂ ਕੋਵਿਡ-19 ਦੇ ਇਲਾਜ ਲਈ ਮਨਜ਼ੂਰ ਕੀਤੀਆਂ ਰੇਮਡੇਸਿਵਿਰ, ਫੇਵੀਫਲੂ ਤੇ ਏਦਾਂ ਦੀਆਂ ਹੋਰ ਦਵਾਈਆਂ ਕੋਵਿਡ-19 ਮਰੀਜ਼ਾਂ ਦੇ ਇਲਾਜ ਵਿੱਚ ਅਸਫਲ ਰਹੀਆਂ ਹਨ। ਕੇਂਦਰੀ ਮੰਤਰੀ ਹਰਸ਼ਵਰਧਨ ਦੇ ਬਾਬਾ ਰਾਮਦੇਵ ਵੱਲੋਂ ਐਲੋਪੈਥਿਕ ਦਵਾਈਆਂ ਦੇ ਖ਼ਿਲਾਫ਼ ਟਿੱਪਣੀ ਨੂੰ ਮੰਦਭਾਗਾ ਕਹਿਣ ਤੇ ਇਤਰਾਜ਼ ਕਰਨ ਪਿੱਛੋਂ ਅੱਜ ਰਾਤ ਯੋਗੀ ਰਾਮਦੇਵ ਨੇ ਅਫਸੋਸ ਪ੍ਰਗਟ ਕਰਦੇ ਹੋਏ ਆਪਣਾ ਬਿਆਨ ਵਾਪਸ ਲੈ ਲਿਆ। ਰਾਮਦੇਵ ਨੂੰ ਲਿਖੇ ਪੱਤਰ ਵਿੱਚਕੇਂਦਰੀ ਮੰਤਰੀ ਹਰਸ਼ਵਰਧਨ ਨੇ ਕਿਹਾ ਸੀ ਕਿ ਉਨ੍ਹਾਂ ਦੀ ਟਿੱਪਣੀ ਕੋਰੋਨਾ ਯੋਧਿਆਂ ਦਾ ਅਪਮਾਨ ਹੈ ਤੇ ਇਸ ਨਾਲ ਦੇਸ਼ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਸੀ ਕਿ ਇਸ ਬਿਆਨ ਨਾਲ ਸਿਹਤ ਮੁਲਾਜ਼ਮਾਂ ਦਾ ਮਨੋਬਲ ਟੁੱਟੇਗਾ ਅਤੇ ਕੋਰੋਨਾਖ਼ਿਲਾਫ਼ ਲੜਾਈ ਕਮਜ਼ੋਰ ਹੋਵੇਗੀ। ਇਸ ਪਿੱਛੋਂ ਬਾਬਾ ਰਾਮਦੇਵ ਨੇ ਕੇਂਦਰੀ ਮੰਤਰੀ ਨੂੰਜਵਾਬ ਵਿੱਚ ਕਿਹਾ: 'ਅਸੀਂ ਐਲੋਪੈਥੀ ਸਾਇੰਦ ਦੇ ਵਿਰੋਧੀ ਨਹੀਂ। ਜੀਵਨ ਰੱਖਿਆ ਲਈ ਐਲੋਪੈਥੀ ਨੇ ਬੜੀ ਤਰੱਕੀ ਕੀਤੀ ਹੈ।' ਉਨ੍ਹਾਂ ਟਵੀਟ ਵਿੱਚ ਕਿਹਾ: 'ਵੱਖ-ਵੱਖ ਕਿਸਮਾਂ ਦੇ ਇਲਾਜ ਪ੍ਰਬੰਧਾਂ ਦੇ ਸੰਘਰਸ਼ ਦੇ ਇਸ ਪੂਰੇ ਵਿਵਾਦ ਉੱਤੇ ਅਫਸੋਸ ਪ੍ਰਗਟਾਉਂਦੇ ਹੋਏ ਮੈਂ ਆਪਣਾ ਬਿਆਨ ਵਾਪਸ ਲੈਂਦਾ ਹਾਂ।'













# ਅੰਮ੍ਰਿਤਸਰ ਦੇ ਕਰਮ ਸਿੰਘ ਹਸਪਤਾਲ ਵਿਚ ਕੋਈ ਰੈਗੂਲਰ ਐਮ ਡੀ ਡਾਕਟਰ ਹੀ ਨਹੀਂ

ਅੰਮ੍ਰਿਤਸਰ, 23 ਮਈ (ਪੋਸਟ ਬਿਊਰੋ)- ਇਸ ਸ਼ਹਿਰ ਦੇ ਕਰਮ ਸਿੰਘ ਮੈਮੋਰੀਅਲ ਹਸਪਤਾਲ ਵਿੱਚ ਆਕਸੀਜਨ ਦੀ ਕਮੀ ਨਾਲ ਹੋਈ ਔਰਤ ਦੀ ਮੌਤ ਕੇਸ ਵਿੱਚ ਸਿਹਤ ਵਿਭਾਗ ਦੀ ਕਮੇਟੀ ਨੇ ਕੱਲ੍ਹ ਹਸਪਤਾਲ ਵਿੱਚ ਛਾਪਾ ਮਾਰਿਆ। ਟੀਮ ਦੀ ਜਾਂਚ ਵਿੱਚ ਹਸਪਤਾਲ ਵਿੱਚ ਕੋਈ ਰੈਗੂਲਰ ਐਮ ਡੀ ਡਾਕਟਰ ਨਹੀਂ ਮਿਲਿਆ। ਹਸਪਤਾਲ ਦਾ ਆਕਸੀਜਨ ਰਿਕਾਰਡ ਵੀ ਮੇਂਟੇਨ ਨਹੀਂ ਸੀ। ਇਹੀ ਨਹੀਂ ਔਰਤ ਦਾ ਆਕਸੀਜਨ ਸਿਲੰਡਰ ਕਦੋਂ-ਕਦੋਂ ਬਦਲਿਆ ਗਿਆ, ਇਸ ਦੀ ਵੀ ਡਿਟੇਲ ਹਸਪਤਾਲ ਨਹੀਂ ਦੇ ਸਕਿਆ। ਇਨ੍ਹਾਂ ਹੀ ਖਾਮੀਆਂ ਦੇ ਆਧਾਰ ਉੱਤੇ ਕਮੇਟੀ ਨੇ ਰਿਕਾਰਡ ਦੀ ਜਾਂਚ ਦੇ ਬਾਅਦ ਡੀ ਸੀ ਨੂੰ ਕਾਰਵਾਈ ਦੀ ਰਿਪੋਰਟ ਸੌਂਪੀ ਜਾਏਗੀ।




ਵਰਨਣ ਯੋਗ ਹੈ ਕਿ ਇਸ ਹਸਪਤਾਲ ਵਿੱਚ 11 ਮਈ ਨੂੰ ਕੋਰੋਨਾ ਪੀੜਤ ਅਨੀਤਾ ਸ਼ਰਮਾ ਨੂੰ ਦਾਖਲ ਕਰਵਾਇਆ ਗਿਆ ਸੀ। ਔਰਤ ਦਾ ਪਤੀ ਜਗਦੀਸ਼ ਚੰਦਰ ਰਿਟਾਇਰਡ ਫੌਜੀ ਹੋਣ ਕਾਰਨ ਪਹਿਲਾਂ ਮਿਲਟਰੀ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ, ਫਿਰ 11 ਮਈ ਨੂੰ ਕਰਮ ਸਿੰਘ ਮੈਮੋਰੀਅਲ ਹਸਪਤਾਲ ਵਿੱਚ ਲਿਆਂਦਾ ਗਿਆ। ਇਲਾਜ ਦੇ ਦੌਰਾਨ ਸ਼ੁੱਕਰਵਾਰ ਸਵੇਰੇ ਔਰਤ ਦੀ ਮੌਤ ਹੋ ਗਈ। ਇਸ ਪਿੱਛੋਂ ਪਰਵਾਰਕ ਮੈਂਬਰਾਂ ਨੇ ਦੋਸ਼ ਲਾਇਆ ਸੀ ਕਿ ਅਨੀਤਾ ਨੂੰ ਖਾਲੀ ਆਕਸੀਜਨ ਸਿਲੰਡਰ ਲਾਇਆ ਗਿਆ ਸੀ। ਉਨ੍ਹਾਂ ਦੇ ਇਤਰਾਜ਼ ਕਰਨ ਉੱਤੇ ਦੂਸਰਾ ਸਿਲੰਡਰ ਲਾਇਆ ਗਿਆ ਅਤੇ ਇਸੇ ਦੌਰਾਨ ਉਸ ਦੀ ਮੌਤ ਹੋ ਗਈ।ਪਰਵਾਰਕ ਮੈਂਬਰਾਂ ਨੇ ਹਸਪਤਾਲ ਮੂਹਰੇ ਜਾਮ ਲਾ ਕੇ ਹੰਗਾਮਾ ਕੀਤਾ ਸੀ। ਫਿਰ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਖਹਿਰਾ ਵੱਲੋਂਸਿਵਲ ਸਰਜਨ ਡਾਕਟਰ ਚਰਨਜੀਤ ਸਿੰਘ ਦੀ ਅਗਵਾਈ ਹੇਠ ਬਣਾਈ ਕਮੇਟੀ ਨੇ ਹਸਪਤਾਲ ਵਿੱਚ ਛਾਪਾ ਮਾਰਿਆ ਅਤੇ ਮ੍ਰਿਤਕ ਔਰਤ, ਆਕਸੀਜਨ ਸਿਲੰਡਰ ਤੇ ਕੋਰੋਨਾ ਦਾ ਇਲਾਜ ਕਰਦੇ ਡਾਕਟਰਾਂ ਦਾ ਰਿਕਾਰਡ ਕਬਜ਼ੇ ਵਿੱਚ ਲੈ ਲਿਆ। ਜਾਂਚ ਟੀਮ ਨੂੰ ਮੌਕੇ ਉੱਤੇ ਹਸਪਤਾਲ ਵਿੱਚ ਕਈ ਖਾਮੀਆਂ ਮਿਲੀਆਂ ਹਨ।

# ਮਹਾਮਾਰੀ ਦੇ ਬਾਅਦ ਅਮਰੀਕਾ ਵਿੱਚ ਘਰ ਟੁੱਟਣ ਲੱਗੇ

ਅਮਰੀਕਾ, 23 ਮਈ (ਪੋਸਟ ਬਿਊਰੋ)- ਪੀਟਰ (ਨਕਲੀ ਨਾਂਅ) ਨੇ ਆਪਣੀ ਪਤਨੀ ਤੋਂ ਤਲਾਕ ਲੈਣ ਦੇ ਲਈ ਬੱਚਿਆਂ ਦੇ ਵੱਡੇ ਹੋਣ ਦੀ ਉਡੀਕ ਕੀਤੀ ਸੀ। ਉਨ੍ਹਾਂ ਨੂੰ ਆਸ ਸੀ ਕਿ ਅੱਗੋਂ ਉਨ੍ਹਾਂ ਦਾ ਜੀਵਨ ਸੁਖੀ ਹੋਵੇਗਾ। ਫਿਰ ਤਲਾਕ ਦੇ ਛੇ ਸਾਲ ਬਾਅਦ ਉਨ੍ਹਾਂ ਨੇ ਆਪਣੇ ਦੋ ਬੇਟਿਆਂ ਨੂੰ ਦੇਖਿਆ ਤੱਕ ਨਹੀਂ ਹੈ। ਛੋਟੇ ਬੇਟੇ ਨਾਲ ਉਨ੍ਹਾਂ ਦੀ ਸਾਲ ਵਿੱਚ ਇੱਕ ਜਾਂ ਦੋ ਵਾਰ ਗੱਲ ਹੁੰਦੀ ਹੈ।ਪੀਟਰ ਕਹਿੰਦੇ ਹਨ, ਬੱਚਿਆਂ ਨਾਲੋਂ ਸੰਬੰਧ ਟੁੱਟਣਾ ਕਿਸੇ ਵੱਡੇ ਝਟਕੇ ਤੋਂ ਘੱਟ ਨਹੀਂ ਹੈ। ਇਸ ਝਟਕੇ ਦਾ ਸਾਹਮਣਾ ਕਰਨ ਵਾਲੇ ਪੀਟਰ ਇਕੱਲੇ ਨਹੀਂ ਹਨ।



ਅਮਰੀਕਾ ਵਿੱਚ ਇਹ ਸਮੱਸਿਆ ਲਗਾਤਾਰ ਵਧ ਰਹੀ ਹੈ। ਕਾਰਨੇਲ ਯੂਨੀਵਰਸਿਟੀ ਵੱਲੋਂ ਪਿੱਛੇਇੱਕ ਦੇਸ਼ ਪੱਧਰੀ ਸਰਵੇ ਕਰਾਇਆ ਗਿਆ। ਇਸ ਵਿੱਚ ਪਤਾ ਲੱਗਾ ਕਿ 27 ਫੀਸਦੀ ਬੱਚੇ ਅਮਰੀਕਾ ਵਿੱਚ ਆਪਣੇ ਪਰਵਾਰ ਨਾਲੋਂ ਅਲੱਗ ਰਹਿ ਰਹੇ ਹਨ।ਰਿਸਰਚ ਦੇ ਪ੍ਰਮੁੱਖ ਸਮਾਜਸਸ਼ਾਤਰ ਦੇ ਪ੍ਰੋਫੈਸਰ ਕਾਰਲ ਪਿਲੇਮੇਰ ਕਹਿੰਦੇ ਹਨ, 'ਕਿਉਂਕਿ ਲੋਕ ਸ਼ਰਮ ਦੇ ਮਾਰੇ ਦੱਸਦੇ ਨਹੀਂ ਹਨ। ਇਸ ਲਈ ਸੰਭਵ ਹੈ, ਬੱਚਿਆਂ ਨਾਲੋਂ ਵੱਖ ਹੋਣ ਵਾਲੇ ਲੋਕਾਂ ਦੀ ਗਿਣਤੀ ਹੋਰ ਜ਼ਿਆਦਾ ਹੋਵੇ। ਰਿਸ਼ਤੇ ਟੁੱਟਣ ਦੇ ਸਭ ਤੋਂ ਵੱਧ ਮਾਮਲੇ ਮਾਤਾ-ਪਿਤਾ ਅਤੇ ਵੱਡੇ ਹੋ ਰਹੇ ਬੱਚਿਆਂ ਦੇ ਵਿੱਚ ਹਨ। ਬਹੁਤੇ ਕੇਸਾਂ ਵਿੱਚ ਬੱਚਾ ਪਰਵਾਰ ਤੋਂ ਅਲੱਗ ਹੋ ਜਾਂਦਾ ਹੈ। ਕਈ ਸਮਾਜਸ਼ਾਸਤਰੀ, ਮਨੋਵਿਗਿਆਨੀ ਮੰਨਦੇ ਹਨ ਕਿ ਪਰਵਾਰਾਂ ਵਿੱਚ ਮਤਭੇਦ ਵਧ ਰਿਹਾ ਹੈ।ਮਨੋਵਿਗਿਆਨੀ ਜੋਸ਼ੁਆ ਕੋਲਮੈਨ ਦੇ ਮੁਤਾਬਕ ਬੱਚਿਆਂ ਤੋਂ ਵੱਖ 1600 ਮਾਤਾ-ਪਿਤਾ ਵਿੱਚ ਹੋਏ ਸਰਵੇ ਵਿੱਚ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿੱਚ ਸੱਤਰ ਫੀਸਦੀ ਤੋਂ ਜ਼ਿਆਦਾ ਨੇ ਇੱਕ-ਦੂਸਰੇ ਨੂੰ ਤਲਾਕ ਦਿੱਤਾ ਹੈ। ਤਲਾਕਸ਼ੁਦਾ ਜੋੜੇ ਦੇ ਬੱਚਿਆਂ ਦੁਆਰਾ ਪਿਤਾ ਨੂੰ ਛੱਡਣ ਦੀ ਸੰਭਾਵਨਾ ਜ਼ਿਆਦਾ ਰਹਿੰਦੀ ਹੈ।

ਅਮਰੀਕਾ ਵਿੱਚ ਪਿਛਲੇ ਕੁਝ ਸਾਲਾਂ ਤੋਂ ਤਲਾਕ ਦੀ ਦਰ ਘਟੀ ਹੈ। ਫਿਰ ਵੀ ਡਾਕਟਰ ਕੋਲਮੈਨ ਮੰਨਦੇ ਹਨ ਕਿ ਮਾਤਾ-ਪਿਤਾ ਨਾਲ ਬੱਚਿਆਂ ਦੇ ਮਤਭੇਦ ਦਾ ਟ੍ਰੈਂਡ ਪਹਿਲਾਂ ਤੋਂ ਜ਼ਿਆਦਾ ਹੈ। ਆਪਣੀ ਪ੍ਰਸੰਨਤਾ ਸਭ ਤੋਂ ਵੱਡਾ ਕਾਰਨ ਹੈ। ਲੋਕ ਉਨ੍ਹਾਂ ਰਿਸ਼ਤੇਦਾਰਾਂ ਤੋਂ ਦੂਰ ਰਹਿਣਾ ਚਾਹੁੰਦੇ ਹਨ। ਕੁਝ ਲੋਕ ਦੁਰਵਿਹਾਰ ਕਰਨ ਵਾਲੇ ਮਾਤਾ-ਪਿਤਾ ਨੂੰ ਛੱਡ ਦਿੰਦੇ ਹਨ। ਡਾਕਟਰ ਕੋਲਮੈਨ ਦਾ ਕਹਿਣਾ ਹੈ ਕਿ ਵਿਅਕਤੀਗਤ ਸੰਤੁਸ਼ਟੀ ਅਲੱਗ ਹੋਣ ਦਾ ਬਹੁਤ ਵੱਡਾ ਕਾਰਨ ਹੈ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.


Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal
Co-Host
Iqbal Mahal
Producer & Host
Serving the South Asian Community Since 1976


# ਨੌਕਰ ਵੱਲੋਂ ਦੁਕਾਨ ਵਿੱਚ ਚੋਰੀ, ਮਾਲਕ ਨੇ ਸਟਿੰਗ ਕਰਕੇ ਫੜ੍ਹਿਆ

ਜਲੰਧਰ, 23 ਮਈ (ਪੋਸਟ ਬਿਊਰੋ)- ਸੋਢਲ ਰੋਡ ਦੇ ਇੱਕ ਕਰਿਆਨਾ ਸਟੋਰ ਮਾਲਕ ਨੇ ਚੋਰੀ ਕਰਦੇ ਆਪਣੇ ਨੌਕਰ ਨੂੰ ਗੁਪਤ ਕੈਮਰੇ ਫਿੱਟ ਕਰਨ ਦੇ ਬਾਅਦ ਸਟਿੰਗ ਕਰ ਕੇ ਫੜ ਲਿਆ। ਕਰਿਆਨਾ ਸਟੋਰ ਮਾਲਕ ਨੇ ਦੁਕਾਨ ਦੀ ਖਿੜਕੀ ਉੱਤੇ ਕੈਮਰਾ ਆਨ ਕਰ ਕੇ ਮੋਬਾਈਲ ਲਾ ਦਿੱਤਾ, ਜਿਸ ਤੋਂ ਨੌਕਰ ਦੀ ਚੋਰੀ ਫੜੀ ਗਈ। ਰੰਗੀਲਾ ਕਰਿਆਨਾ ਸਟੋਰ ਦੇ ਮਾਲਕ ਮਨਦੀਪ ਕੁਮਾਰ ਨੇ ਦੱਸਿਆ ਕਿ ਸਤੰਬਰ ਵਿੱਚ ਉਨ੍ਹਾਂ ਨੇ ਗੌਂਡਾ (ਉਤਰ ਪ੍ਰਦੇਸ਼) ਦੇ ਅਵਧੇਸ਼ ਕੁਮਾਰ ਨੂੰ ਨੌਕਰੀ ਉੱਤੇ ਰੱਖਿਆ ਸੀ। ਪਹਿਲਾਂ ਉਹ ਤੇ ਉਸ ਦੀ ਪਤਨੀ ਦੁਕਾਨ ਉੱਤੇ ਬੈਠਦੇ ਸਨ ਤਾਂ ਸਭ ਠੀਕ ਚੱਲ ਰਿਹਾ ਸੀ। ਇਸੇ ਦੌਰਾਨ ਉਨ੍ਹਾਂ ਦੀ ਬੇਟੀ ਬਿਮਾਰ ਹੋ ਗਈ ਅਤੇ ਆਪਰੇਸ਼ਨ ਕਰਵਾਉਣਾ ਪਿਆ। ਬੇਟੀ ਦੀ ਦੇਖਭਾਲ ਲਈ ਪਤਨੀ ਦਾ ਦੁਕਾਨ ਉੱਤੇ ਆਉਣਾ ਬੰਦ ਹੋ ਗਿਆ ਤਾਂ ਉਹ ਦੁਕਾਨ ਉੱਤੇ ਇਕੱਲੇ ਰਹਿ ਗਏ ਤਾਂ ਉਨ੍ਹਾਂ ਦੀ ਦੁਕਾਨ ਦੇ ਗੱਲੇ ਵਿੱਚੋਂ ਪੈਸੇ ਘੱਟ ਹੋਣ ਲੱਗੇ। ਨੌਕਰ ਉੱਤੇ ਉਨ੍ਹਾਂ ਨੂੰ ਸ਼ੱਕ ਨਹੀਂ ਸੀ, ਕਿਉਂਕਿ ਉਹ ਉਸ ਦੇ ਭਰੋਸੇ ਦੁਕਾਨ ਛੱਡ ਜਾਂਦੇ ਸਨ।ਇੱਕ ਵਾਰ ਉਨ੍ਹਾਂ ਨੇ 100 ਅਤੇ 200 ਦੇ ਕੁਝ ਨਵੇਂ ਨੋਟ ਲਏ ਅਤੇ ਗੱਲੇ ਵਿੱਚ ਰੱਖ ਕੇ ਬਾਥਰੂਮ ਚਲੇ ਗਏ। ਜਾਣ ਤੋਂ ਪਹਿਲਾਂ ਉਨ੍ਹਾਂ ਨੇ ਗੱਲੇ ਦੇ ਠੀਕ ਅੱਗੇ



ਸਾਮਾਨ ਪਿੱਛੇ ਮੋਬਾਈਲ ਲੁਕਾ ਕੇ ਰਿਕਾਰਡਿੰਗ ਆਨ ਕਰ ਦਿੱਤੀ। ਥੋੜ੍ਹੀ ਦੇਰ ਬਾਅਦ ਆਏ ਤੇ ਰਿਕਾਰਡਿੰਗ ਚੈਕ ਕੀਤੀ ਤਾਂ ਉਸ ਵਿੱਚ ਨੌਕਰ ਅਵਧੇਸ਼ ਚੋਰੀ ਕਰਦਾ ਮਿਲਿਆ। ਉਨ੍ਹਾਂ ਨੇ ਅਵਧੇਸ਼ ਨੂੰ ਪੁੱਛਿਆ ਤਾਂ ਉਹ ਮੁੱਕਰ ਗਿਆ ਤੇ ਉਸ ਨੇ ਆਪਣੀ ਮਾਂ ਦੀ ਝੂਠੀ ਸਹੁੰ ਖਾ ਲਈ। ਉਨ੍ਹਾਂ ਨੇ ਨੋਟਾਂ ਦੀ ਪਹਿਲਾਂ ਹੀ ਫੋਟੋ ਖਿੱਚੀ ਹੋਈ ਸੀ ਅਤੇ ਨੰਬਰ ਮਿਲਾਇਆ ਤਾਂ ਉਹੀ ਨੋਟ ਨਿਕਲੇ, ਜਿਸ ਦੇ ਬਾਅਦ ਉਸ ਨੇ ਨੌਕਰ ਨੂੰ ਕੰਮ ਤੋਂ ਕੱਢ ਦਿੱਤਾ। ਕਰਿਆਨਾ ਸਟੋਰ ਵਿੱਚ ਚੋਰੀ ਕਰਨ ਵਾਲੇ ਅਵਧੇਸ਼ ਨਾਲ ਮਾਰਕੁੱਟ ਦਾ ਵੀ ਵੀਡੀਓ ਸਾਹਮਣੇ ਆਇਆ ਹੈ,ਜਿਸ 'ਤੇ ਦੁਕਾਨਦਾਰ ਦਾ ਕਹਿਣਾ ਹੈ ਕਿ ਚੋਰੀ ਕਰਨ ਵਾਲੇ ਉੱਤੇ ਗੁੱਸਾ ਆ ਜਾਂਦਾ ਹੈ। ਉਨ੍ਹਾਂ ਨੇ ਸੋਚਿਆ ਕਿ ਥਾਣੇ ਵਿੱਚ ਚੱਕਰ ਕੱਟਣੇ ਪੈਣਗੇ ਤੇ ਨੌਕਰ ਵੀ ਕਾਨੂੰਨੀ ਚੱਕਰ ਵਿੱਚ ਫਸ ਜਾਏਗਾ।


BEST CANADIAN TRUCK & FORKLIFT TRAINING CENTRE
Best Canadian Truck & Forklift Training Centre
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8



ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ
ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ।
ਹਿੰਦੂ ਮੁਸਲਿਮ ਸਿੱਖ ਇਸਾਈ, ਧਰਮ ਨਹੀਂ ਕੋਈ ਨਿਆਰਾ।।

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM


ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224



KAMAL SANDHU
Sales Representative
647.891.0143
RE/MAX GOLD
www.crearealtor.com
Looking For a Nest..? Call the Best
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'
FOR SALE
EXCLUSIVE FOR SALE IN WOODSTOCK
3+1 bdrms with finished Basement
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਪੰਜਾਬ ਨੂੰ ਬੰਗਾਲ ਵਾਲੀ ਪਟੜੀ ਚਾੜ੍ਹਨ ਦੀਆਂ ਗੋਂਦਾਂ ਬਾਰੇ ਚਿੰਤਾ ਕਿਸ ਨੂੰ ਹੈ!





ਜਤਿੰਦਰ ਪੰਨੂ

ਬੇਸ਼ੱਕ ਸਾਰੇ ਦੇਸ਼ ਦਾ ਧਿਆਨ ਭਾਰਤ ਵਿੱਚ ਕੋਰੋਨਾ ਵਾਇਰਸ ਦੀ ਮਾਰ ਤੇ ਇਸ ਮਾਰ ਤੋਂ ਨਿਕਲੀ ਬਲੈਕ ਫੰਗਸ ਵਰਗੀ ਅਗਲੀ ਬਿਮਾਰੀ ਨੇ ਮੱਲ ਰੱਖਿਆ ਹੈ, ਓਦੋਂ ਪਿੱਛੋਂ ਵਾਈਟ ਫੰਗਸ ਵੀ ਨਿਕਲ ਆਈ ਹੈ, ਪਰ ਪੰਜਾਬ ਦੇ ਲੋਕਾਂ ਦਾ ਧਿਆਨ ਬਹੁਤਾ ਕਰ ਕੇ ਪੰਜਾਬ ਵਿੱਚ ਰਾਜ ਕਰਦੀ ਕਾਂਗਰਸ ਪਾਰਟੀ ਦੇ ਅੰਦਰੂਨੀ ਝੇੜੇ ਵੱਲ ਲੱਗਾ ਪਿਆ ਸੀ। ਇਸ ਭੇੜ ਦਾ ਮੁੱਢ ਨਵਜੋਤ ਸਿੰਘ ਸਿੱਧੂ ਦੇ ਟਵੀਟਸ ਅਤੇ ਫੇਸਬੁੱਕਾਂ ਪੋਸਟਾਂ ਨਾਲ ਨਹੀਂ ਸੀ ਬੱਝਾ, ਜਿਹੜੇ ਡੇਢ ਸਾਲ ਚੁੱਪ ਰਹਿ ਕੇ ਪਿਛਲੀ ਕਸਰ ਕੱਢਣ ਵਾਸਤੇ ਇਹੋ ਕੁਝ ਸਿੱਧੂ ਬੀਤੇ ਛੇ ਮਹੀਨਿਆਂ ਤੋਂ ਕਰਦਾ ਪਿਆ ਸੀ। ਲੜਾਈ ਕੋਟਕਪੂਰਾ ਕੇਸ ਦੀ ਵਿਸ਼ੇਸ਼ ਜਾਂਚ ਟੀਮ ਦੇ ਅਫਸਰ ਕੁੰਵਰ ਵਿਜੇ ਪ੍ਰਤਾਪ ਸਿੰਘ ਦੀ ਰਿਪੋਰਟ ਉੱਤੇ ਹਾਈ ਕੋਰਟ ਵੱਲੋਂ ਕਾਟਾ ਫੇਰ ਦੇਣ ਨਾਲ ਛਿੜੀ ਸੀ। ਓਦੋਂ ਦੋ ਦਿਨ ਪਿੱਛੋਂ ਪੰਜਾਬ ਕੈਬਨਿਟ ਦੀ ਮੀਟਿੰਗ ਵਿੱਚ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਮੁੱਦੇ ਦੇ ਰੋਸ ਵਜੋਂ ਅਸਤੀਫਾ ਲਿਖ ਕੇ ਫੜਾ ਦਿੱਤਾ ਸੀ। ਅਜੋਕੇ ਟਕਰਾਅ ਦਾ ਅਸਲੀ ਮੁੱਢ ਉਹ ਸੀ। ਅਗਲੀ ਕੜੀ ਉਹ ਸੀ, ਜਦੋਂ ਮੁੱਖ ਮੰਤਰੀ ਦੇ ਇੱਕ ਰਾਜਸੀ ਸਲਾਹਕਾਰ ਨੇ ਅੱਧੀ ਰਾਤ ਜਲੰਧਰ ਕੈਂਟ ਦੇ ਵਿਧਾਇਕ ਪ੍ਰਗਟ ਸਿੰਘ ਨੂੰ ਫੋਨ ਕਰ ਕੇ ਠੋਕ ਦੇਣ ਵਰਗੀ ਭਾਸ਼ਾ ਵਰਤੀ ਤੇ ਦੋ ਦਿਨ ਪਿੱਛੋਂ ਪ੍ਰਗਟ ਸਿੰਘ ਨੇ ਸਾਰਾ ਕੁਝ ਮੀਡੀਏ ਸਾਹਮਣੇ ਰੱਖ ਦਿੱਤਾ ਸੀ।

ਇਸ ਮਗਰੋਂ ਨਵਜੋਤ ਸਿੰਘ ਸਿੱਧੂ ਦੇ ਟਵੀਟ ਲਗਾਤਾਰ ਆਉਣ ਦੇ ਬਾਵਜੂਦ ਪਹਿਲਾਂ ਵਾਂਗ ਵਿਵਾਦ ਦਾ ਕੇਂਦਰ ਉਹ ਨਹੀਂ ਸੀ ਰਿਹਾ, ਵਿਵਾਦ ਦਾ ਅਖਾੜਾ ਚੰਡੀਗੜ੍ਹ ਬਣ ਗਿਆ ਸੀ, ਜਿੱਥੇ ਪੰਜ ਮੰਤਰੀਆਂ ਅਤੇ ਕੁਝ ਵਿਧਾਇਕਾਂ ਨਾਲ ਪਾਰਲੀਮੈਂਟ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਇੱਕ ਬੈਠਕ ਵਿੱਚ ਸ਼ਾਮਲ ਹੋ ਗਿਆ। ਉਹ ਜਾਇਜ਼ ਸਵਾਲ ਉਠਾਉਂਦੇ ਹਨ ਕਿ ਪਿਛਲੇ ਸਵਾ ਚਾਰ ਸਾਲਾਂ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਕੀਤੇ ਹੋਏ ਵਾਅਦਿਆਂ ਮੁਤਾਬਕ, ਤੇ ਖਾਸ ਕਰ ਕੇ ਬਰਗਾੜੀ ਦੇ ਬੇਅਦਬੀ ਕਾਂਡ, ਕੋਟਕਪੂਰਾ ਤੇ ਬਹਿਬਲ ਕਲਾਂ ਦੇ ਗੋਲੀ ਕਾਂਡਾਂ ਅਤੇ ਨਸ਼ੇ ਦੇ ਵਪਾਰੀਆਂ ਦੇ ਵਿਰੁੱਧ ਕਾਰਵਾਈ ਦੇ ਪੱਖੋਂ ਕੁਝ ਨਹੀਂ ਕੀਤਾ। ਏਥੋਂ ਹੀ ਇਹ ਗੱਲ ਨਿਕਲ ਆਈ ਕਿ ਸਾਹ-ਮਣੇ ਸਿਰ ਚੁੱਕੀ ਖੜੀਆਂ ਵਿਧਾਨ ਸਭਾ ਚੋਣਾਂ ਨੂੰ ਵੇਖਣ ਦੇ ਬਾਵਜੂਦ ਬਾਗੀ ਕਾਂਗਰਸੀ ਆਗੂ ਜਿਸ ਤਰ੍ਹਾਂ ਅੜੇ ਹੋਏ ਹਨ, ਇਸ ਨਾਲ ਕਾਂਗਰਸ ਪਾਰਟੀ ਚੋਣਾਂ ਵਿੱਚ ਕੁੱਦੇਗੀ ਤਾਂ ਸਿਵਾਏ ਕੁੱਟ ਖਾਣ ਤੋਂ ਇਸ ਦੇ ਪੱਲੇ ਕੁਝ ਨਹੀਂ ਪੈਣਾ। ਇਹ ਗੱਲ ਸ਼ਾਇਦ ਬਾਗੀ ਵੀ ਜਾਣਦੇ ਹਨ। ਫਿਰ ਵੀ ਜੇ ਉਹ ਅੜੇ ਹੋਏ ਹਨ ਤਾਂ ਇਸ ਕਰ ਕੇ ਨਹੀਂ ਕਿ ਉਹ ਕੈਪਟਨ ਕੋਲੋਂ ਗੱਦੀ ਖੋਹਣਾ ਚਾਹੁੰਦੇ ਹਨ, ਸਗੋਂ ਇਹ ਕਹਿ ਰਹੇ ਹਨ ਕਿ ਜੇ ਸਾਡੀ ਸਰਕਾਰ ਇਹੋ ਜਿਹੀ ਹੈ ਤਾਂ ਇਸ ਤੋਂ ਬਗੈਰ ਚੰਗੇ ਹਾਂ। ਲੋਕਾਂ ਕੋਲੋਂ ਮਿਹਣੇ ਲੈਣ ਦੀ ਥਾਂ ਉਨ੍ਹਾਂ ਨੂੰ ਸਾਰੇ ਅਹੁਦਿਆਂ ਦਾ ਸੁਖ ਛੱਡ ਕੇ ਸੜਕ ਸਵਾਰ ਹੋ ਜਾਣਾ ਵੀ ਠੀਕ ਲੱਗਣ ਲੱਗ ਪਿਆ ਹੈ ਤੇ ਇਸ ਗੱਲ ਬਾਰੇ ਉਹ ਸੋਚਣਾ ਹੀ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਪੈਦਾ ਹੋਏ ਖਲਾਅ ਦੌਰਾਨ ਏਥੇ ਬੰਗਾਲ ਵਰਗਾ ਵੀ ਕੁਝ ਵਾਪਰ ਸਕਦਾ ਹੈ।

ਜੀ ਹਾਂ, ਸਾਨੂੰ ਇਸ ਦੇ ਸੰਕੇਤ ਮਿਲਦੇ ਪਏ ਹਨ ਕਿ ਪੰਜਾਬ ਵਿੱਚ ਬੰਗਾਲ ਦੀ ਬਾਜ਼ੀ ਦੁਹਰਾਉਣ ਲਈ ਭਾਜਪਾ ਦੇ ਮੋਹਰੇ ਮੈਦਾਨ ਵਿੱਚ ਨਿਕਲ ਚੁੱਕੇ ਹਨ। ਦੋ ਸਾਲ ਪਹਿਲਾਂ ਚੰਡੀਗੜ੍ਹ ਪ੍ਰੈੱਸ ਕਲੱਬ ਦੀ ਚੋਣ ਜਿੱਤਣ ਵਾਲੀ ਇੱਕ ਖਾਸ ਧਿਰ ਨੇ ਜਦੋਂ ਮੋਦੀ ਦੀ ਜੈ-ਜੈਕਾਰ ਦੇ ਨਾਅਰੇ ਲਾਏ ਸਨ, ਜਿਹੋ ਜਿਹੇ ਪਹਿਲਾਂ ਕਦੇ ਨਹੀਂ ਸੀ ਲੱਗੇ, ਉਹ ਸ਼ੁਰੂਆਤ ਸੀ ਅਤੇ ਅਗਲੇ ਪੜਾਅ ਵਿੱਚ ਉਨ੍ਹਾਂ ਦੇ ਮਿੱਤਰ ਪੰਜਾਬ ਵਿੱਚ ਆਪਣੇ ਤੋਂ ਵੱਖਰੀ ਸੋਚ ਵਾਲਿਆਂ ਨੂੰ 'ਸਮਝਾਉਣੀਆਂ' ਦੇਣ ਵਾਸਤੇ ਫੋਨ ਕਰਨ ਅਤੇ ਚਾਹ ਦੇ ਕੱਪ ਦੀ ਸਾਂਝ ਪਾਉਣ ਲੱਗੇ ਹਨ। ਇਹੋ ਜਿਹਾ ਕੰਮ ਸਾਡੇ ਮੀਡੀਆ ਖੇਤਰ ਵਿੱਚ ਵੀ ਪੱਤਰਕਾਰਾਂ ਦੇ ਰਾਹੀਂ ਕਰਨ ਦੀ ਥਾਂ 'ਦਿੱਲੀ ਸੇ ਆਇਆ ਪੱਤਰਕਾਰ' ਕਹਿ ਕੇ ਆਉਣ ਵਾਲੇ ਉਹ ਸਿਧਾਂਤਕਾਰ ਦਿੱਸਦੇ ਸੱਜਣ ਕਰਨ ਨਿਕਲੇ ਹਨ, ਜਿਨ੍ਹਾਂ ਦੀ ਸੰਸਕ੍ਰਿਤ ਵਾਂਗ ਔਖੀ ਹਿੰਦੀ ਸੁਣ ਕੇ ਅਸਲੀ ਚੈਨਲ ਸਮਝ ਆ ਜਾਂਦਾ ਹੈ। ਪੱਤਰਕਾਰੀ ਭੇਸ ਵਿੱਚ ਨਿਕਲੇ ਇਹ ਲੋਕ ਮੀਡੀਆ ਖੇਤਰ ਵਿੱਚ ਜਿਵੇਂ ਸਰਗਰਮ ਹਨ, ਓਦਾਂ ਦੇ ਕੁਝ ਲੋਕ ਧਰਮ-ਖੇਤਰ ਵਿੱਚ ਸਰਗਰਮ ਹਨ ਤੇ ਉਨ੍ਹਾਂ ਦੀ ਮੁੱਢਲੀ ਪਹੁੰਚ ਉਨ੍ਹਾਂ 'ਲੋੜਵੰਦ' ਸਿੱਖਾਂ ਤੱਕ ਹੈ, ਜਿਹੜੇ ਕਿਸੇ ਧਾਰਮਿਕ ਅਸਥਾਨ ਦੇ ਪਿੰਡ ਪੱਧਰ ਦੇ ਗ੍ਰੰਥੀ ਜਾਂ ਕਥਾ ਵਾਚਕ ਹਨ ਅਤੇ ਸਵੇਰੇ-ਸ਼ਾਮ ਆਮ ਲੋਕਾਂ ਵਿੱਚ ਰਹਿ ਕੇ ਨਰਿੰਦਰ ਮੋਦੀ ਦੇ ਏਨੇ ਗੁਣ ਗਿਣਾਈ ਜਾਂਦੇ ਹਨ ਕਿ ਇੱਕ-ਦੋ ਦਿਨਾਂ ਤੱਕ ਸੁਣਨ ਵਾਲਾ ਖੁਦ ਉਨ੍ਹਾਂ ਵੱਲੋਂ ਪੜ੍ਹਾਇਆ ਅੱਗੇ ਪੜ੍ਹਾਉਣ ਲੱਗਦਾ ਹੈ। ਮਾਲਵੇ ਦੇ ਇੱਕ ਪਿੰਡ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਵਾਲੇ ਬਾਬੇ ਲਈ ਗੁਰਦੁਆਰੇ ਵਿੱਚ ਅਰਦਾਸ ਕਰਨ ਵਾਲਾ ਨਿਹੰਗ ਵੀ ਏਸੇ ਕਿਸਮ ਦਾ ਨਵਾਂ ਲੱਭਿਆ ਕਾਰਿੰਦਾ ਹੋ ਸਕਦਾ ਹੈ, ਜਿਹੜਾ ਪੰਜਾਬ ਵਿੱਚ ਦਲਿਤ ਭਾਈਚਾਰੇ ਦਾ ਮੁੱਖ ਮੰਤਰੀ ਬਣਾਉਣ ਦੇ ਵਾਸਤੇ ਨਰਿੰਦਰ ਮੋਦੀ ਉੱਤੇ ਮਹਾਰਾਜ ਦੀ ਕ੍ਰਿਪਾ ਦੀ ਮੰਗ ਕਰਦਾ ਸੁਣਾਈ ਦੇਂਦਾ ਹੈ। ਉਹੀ ਨਹੀਂ, ਕੁਝ ਬੜੇ ਪੜ੍ਹੇ-ਲਿਖੇ ਸੱਜਣ ਵੀ ਏਦਾਂ ਦੇ ਕੰਮ ਵਿੱਚ ਮਿਥੀ ਹੋਈ ਨੌਕਰੀ ਕਰਨ ਵਾਂਗ ਦਸਵੇਂ ਗੁਰੂ ਸਾਹਿਬ ਦੀ ਤਸਵੀਰ ਲਾ ਕੇ ਨਰਿੰਦਰ ਮੋਦੀ ਦੀ ਨੇਕ ਬੰਦੇ ਤੇ ਪਹਾੜਾਂ ਵਿੱਚ ਜਾ ਕੇ ਤਪ ਕਰਨ ਵਾਲੇ ਸਾਧੂ ਵਿਅਕਤੀ ਵਾਲੀ ਤਸਵੀਰ ਉਭਾਰਨ ਦੀਆਂ ਵੀਡੀਓ ਕਲਿੱਪਾਂ ਬਹੁਤ ਚੁਸਤੀ ਨਾਲ ਆਮ ਲੋਕਾਂ ਤੱਕ ਭੇਜ ਰਹੇ ਹਨ, ਜਿਨ੍ਹਾਂ ਦਾ ਆਮ ਲੋਕਾਂ ਉੱਤੇ ਕੁਝ ਨਾ ਕੁਝ ਅਸਰ ਪੈ ਰਿਹਾ ਹੈ। ਸਿੱਖ ਸਮਾਜ ਵਿੱਚ ਕਈ ਲੋਕ ਕਿਸੇ ਵੀ ਪਾਰਟੀ ਤੋਂ ਕੋਈ ਆਸ ਨਾ ਰਹਿਣ ਕਾਰਨ ਉਨ੍ਹਾਂ ਦੇ ਦੱਸੇ ਰਾਹ ਵੱਲ ਝੁਕ ਸਕਦੇ ਹਨ।

ਸਭ ਤੋਂ ਵੱਡੀ ਇਹ ਗੱਲ ਜ਼ੋਰ ਨਾਲ ਕਹੀ ਜਾਂਦੀ ਹੈ ਕਿ ਨਰਿੰਦਰ ਮੋਦੀ ਦੀ ਸਮਰੱਥਾ ਹੈ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਵਿੱਚ ਪੰਜ ਸਾਲ ਪਹਿਲਾਂ ਤਿੰਨ ਸੀਟਾਂ ਜਿੱਤਣ ਵਾਲੀ ਭਾਜਪਾ ਨੂੰ ਉਸ ਨੇ ਇਸ ਵਾਰੀ ਸਤੱਤਰ ਸੀਟਾਂ ਜਿਤਾ ਕੇ ਮੁੱਖ ਵਿਰੋਧੀ ਧਿਰ ਬਣਾ ਦਿੱਤਾ ਅਤੇ ਕਾਂਗਰਸ ਤੇ ਖੱਬੇ ਪੱਖੀ ਜੜ੍ਹੋਂ ਪੁੱਟ ਦਿੱਤੇ ਹਨ। ਜਿਸ ਤਰੀਕੇ ਨਾਲ ਇਹ ਪ੍ਰਚਾਰ ਤੇ ਇਹ ਪਹੁੰਚ ਕੀਤੀ ਜਾ ਰਹੀ ਹੈ, ਸਿੱਖਾਂ ਦੀਆਂ ਨਾਮ-ਦਾਨ ਤੱਕ ਸੀਮਤ ਰਹਿੰਦੀਆਂ ਕੁਝ ਸੰਪਰਦਾਵਾਂ ਦੇ ਸੰਤਾਂ ਰਾਹੀਂ ਪੰਜਾਬ ਤੇ ਸਿੱਖਾਂ ਲਈ ਨਰਿੰਦਰ ਮੋਦੀ ਦੀ ਸ਼ੁਭ ਭਾਵਨਾ ਦਾ ਪੜੁੱਲ ਬੰਨ੍ਹਣ ਦਾ ਕੰਮ ਹੋ ਰਿਹਾ ਹੈ, ਉਸ ਮਗਰੋਂ ਕਿਸੇ ਨੂੰ ਅਗਲੀਆਂ ਚੋਣਾਂ ਤੋਂ ਪਹਿਲਾਂ ਦੇ ਰਾਜਸੀ ਨਕਸ਼ੇ ਦਾ ਭੁਲੇਖਾ ਨਹੀਂ ਰਹਿਣਾ ਚਾਹੀਦਾ। ਸਾਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੀ ਰਾਜਨੀਤੀ ਦੇ ਅੱਧੀ-ਅੱਧੀ ਸਦੀ ਤੱਕ ਧਨਵੰਤਰੀ ਗਿਣੇ ਜਾਂਦੇ ਰਹੇ ਵੱਡੇ ਪ੍ਰਭਾਵ ਵਾਲੇ ਲੇਖਕ ਤੇ ਸਮਾਜ ਸੇਵੀ ਇਹੋ ਜਿਹੀ ਕੋਈ ਸਰਗਰਮੀ ਚੱਲ ਰਹੀ ਮੰਨਦੇ ਵੀ ਹਨ ਤਾਂ ਗੱਲ ਏਥੇ ਮੁਕਾ ਦੇਂਦੇ ਹਨ ਕਿ ਪੰਜਾਬ ਕੋਈ ਪੱਛਮੀ ਬੰਗਾਲ ਨਹੀਂ, ਏਥੇ ਜਿਹੜਾ ਮਰਜ਼ੀ ਆ ਕੇ ਆਪਣੇ ਦਾਅ ਅਜ਼ਮਾ ਲਵੇ, ਉਸ ਦੇ ਪੈਰ ਨਹੀਂ ਲੱਗਣੇ। ਐਨ ਇਹੋ ਵਿਚਾਰ ਉਨ੍ਹਾਂ ਸੱਜਣਾਂ ਦੇ ਮੂੰਹੋਂ ਕਦੇ ਪੱਛਮੀ ਬੰਗਾਲ ਬਾਰੇ ਸੁਣਨ ਨੂੰ ਮਿਲਿਆ ਕਰਦੇ ਸਨ, ਬਾਅਦ ਵਿੱਚ ਹਾਲਤ ਬਦਲਦੇ ਗਏ ਤਾਂ ਉਹ ਆਪਣੀ ਸੋਚਣੀ ਠੀਕ ਨਾ ਹੋਣ ਬਾਰੇ ਮੰਨਣ ਦੀ ਥਾਂ ਇਹ ਦਲੀਲ ਦੇਣ ਲੱਗ ਪਏ ਸਨ ਕਿ ਕਿਸੇ ਦੇ ਕਿਸੇ ਦੇ ਪੈਰ ਤਾਂ ਨਹੀਂ ਸੀ ਲੱਗਣੇ, ਓਥੇ ਪ੍ਰਸਥਿਤੀਆਂ ਬਦਲ ਗਈਆਂ ਸਨ। ਹਾਲਾਤ ਦਾ ਵਹਿਣ ਅੱਜ ਵਾਲਾ ਜਾਰੀ ਰਿਹਾ ਤਾਂ ਉਨ੍ਹਾਂ ਸੱਜਣਾਂ ਨੂੰ ਅਗਲੇ ਸਾਲ ਇਹੋ ਦਲੀਲ ਪੰਜਾਬ ਬਾਰੇ ਵੀ ਦੇਣੀ ਪੈ ਸਕਦੀ ਹੈ, ਕਿਉਂਕਿ ਜਿਹੜੀ ਗੱਲ ਬੰਗਾਲ ਬਾਰੇ ਉਹ ਨਹੀਂ ਸਨ ਮੰਨਦੇ, ਪੰਜਾਬ ਬਾਰੇ ਵੀ ਅੱਜ ਨਹੀਂ ਮੰਨਦੇ। ਕਬੂਤਰ ਅੱਖਾਂ ਮੀਟ ਵੀ ਲਵੇ ਤਾਂ ਬਿੱਲੀ ਪਿੱਛੇ ਨਹੀਂ ਮੁੜ ਜਾਂਦੀ। ਇਹੀ ਹਾਲਾਤ ਪੰਜਾਬ ਦੀ ਰਾਜਨੀਤੀ ਵਿੱਚ ਅੱਜ ਬਣਦੇ ਪਏ ਹਨ ਤੇ ਇਹ ਬਣਦੇ ਵੀ ਏਨੀ ਤੇਜ਼ੀ ਨਾਲ ਪਏ ਹਨ ਕਿ ਇਸ ਸਾਲ ਦੇ ਬਾਕੀ ਰਹਿੰਦੇ ਸਵਾ ਸੱਤ ਮਹੀਨਿਆਂ ਵਿੱਚ ਇਨ੍ਹਾਂ ਅੱਗੇ ਬ੍ਰੇਕ ਲੱਗ ਜਾਵੇਗੀ, ਇਹ ਸੋਚਣਾ ਬਹੁਤ ਔਖਾ ਹੈ।

ਸਾਡੀ ਇੱਕ ਪਿਛਲੀ ਲਿਖਤ ਪਿੱਛੋਂ ਸਾਡੇ ਇੱਕ ਸੱਜਣ ਨੇ ਫੋਨ ਕਰ ਕੇ ਕਿਹਾ ਸੀ ਕਿ ਹਾਲਤ ਏਨੀ ਵਿਗਾੜ ਵਾਲੀ ਵੀ ਹੋਵੇ ਤਾਂ ਤੈਨੂੰ ਏਦਾਂ ਪੇਸ਼ ਨਹੀਂ ਕਰਨੀ ਚਾਹੀਦੀ, ਲੋਕਾਂ ਨੂੰ ਇਸ ਦੇ ਮੁਕਾਬਲੇ ਦਾ ਕੋਈ ਸੁਨੇਹਾ ਦੇਣਾ ਚਾਹੀਦਾ ਹੈ। ਮੈਂ ਅੱਜ ਫਿਰ ਇਹੋ ਜਿਹਾ ਕੋਈ ਸੁਨੇਹਾ ਨਹੀਂ ਦੇ ਰਿਹਾ। ਇਸ ਦਾ ਕਾਰਨ ਇਹ ਹੈ ਕਿ ਜਿਨ੍ਹਾਂ ਲਈ ਸੁਨੇਹਾ ਦੇਣ ਦੀ ਲੋੜ ਹੈ, ਉਹ ਕਹਿੰਦੇ ਹਨ ਕਿ ਸਾਨੂੰ ਸਭ ਕੁਝ ਪਤਾ ਹੈ। ਸੁੱਤੇ ਨੂੰ ਕੋਈ ਜਗਾ ਸਕਦਾ ਹੈ, ਏਦਾਂ ਦੇ ਲੋਕਾਂ ਨੂੰ ਨਹੀਂ। ਇਨ੍ਹਾਂ ਹਾਲਾਤ ਵਿੱਚ ਜਦੋਂ ਪੰਜਾਬ ਦੀ ਇੱਕ ਵੱਡੀ ਪਾਰਟੀ ਦੇ ਅੰਦਰੂਨੀ ਝੇੜੇ ਜਾਂ ਉਸ ਦੇ ਕਿਸੇ ਪੁਰਾਣੇ ਬਦਲ ਤੱਕ ਸੋਚ ਕੇ ਬੁੱਤਾ ਸਰ ਸਕਦਾ ਹੈ ਤਾਂ ਅਗਲੀ ਗੱਲ ਸੋਚਣ ਦੀ ਲੋੜ ਵੀ ਕਿਸ ਨੂੰ ਹੈ। ਪੰਜਾਬ ਦੀ ਬਦਕਿਸਮਤੀ ਸ਼ਾਇਦ ਇਹ ਵੀ ਹੈ।


# 'ਜ਼ਮਾਨਤ', ਕੀ ਇਹ ਦੋਸ਼ੀ ਦਾ ਹੱਕ ਹੈ?

ਜਦੋਂ ਵੀ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ ਦੀ ਗੱਲ ਆਉਂਦੀ ਹੈ ਤਾਂ ਉਸ ਵਿਅਕਤੀ ਦੇ ਦਿਮਾਗ ਵਿਚ ਸਭ ਤੋਂ ਪਹਿਲਾਂ ਜ਼ਮਾਨਤ ਸ਼ਬਦ ਆਉਂਦਾ ਹੈ। "ਜ਼ਮਾਨਤ" ਦਾ ਅਰਥ ਹੈ ਗ੍ਰਿਫ਼ਤਾਰ ਜਾਂ ਕੈਦ ਕੀਤੇ ਵਿਅਕਤੀ ਨੂੰ ਉਸ ਦੀ ਭਵਿੱਖ ਵਿਚ ਪੁਲਿਸ ਅੱਗੇ ਜਾਂ ਅਦਾਲਤ ਵਿਚ ਹਾਜ਼ਰੀ ਲਈ ਸਕਿਉਰਿਟੀ ਦੇਣ ਤੇ ਰਿਹਾਅ ਕਰਨਾ। ਫ਼ੌਜਦਾਰੀ ਮੁਕੱਦਮਿਆਂ ਵਿਚ ਜ਼ਮਾਨਤ ਬਾਰੇ ਜ਼ਾਬਤਾ ਫ਼ੌਜਦਾਰੀ ਸੰਘਤਾ ,1973 ਦੇ ਕਾਂਡ 33( ਧਾਰਾ 436 ਤੋਂ 450) ਵਿਚ ਲਿਖਿਆ ਗਿਆ ਹੈ। ਇਸ ਐਕਟ ਵਿੱਚ ਮੁਕੱਦਮਿਆਂ ਨੂੰ ਦੋ ਭਾਗਾਂ ਵਿਚ ਵੰਡਿਆ ਹੈ -- ਜ਼ਮਾਨਤਯੋਗ ਮੁਕੱਦਮੇ ਅਤੇ ਗ਼ੈਰ ਜ਼ਮਾਨਤੀ ਮੁਕੱਦਮੇ।

ਜ਼ਮਾਨਤਯੋਗ ਅਪਰਾਧ ਉਕਤ ਐਕਟ ਦੀ ਧਾਰਾ 436 ਦੇ ਅਧੀਨ ਆਉਂਦੇ ਹਨ । ਇਸ ਧਾਰਾ ਅਨੁਸ-ਾਰ ਜਦੋਂ ਕਿਸੇ ਜ਼ਮਾਨਤਯੋਗ ਅਪਰਾਧ ਲਈ ਕਿਸੇ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਂਦਾ ਹੈ ਤਾਂ ਉਹ ਉਸੇ ਪੁਲਿਸ ਅਫ਼ਸਰ ਅੱਗੇ( ਜਿਸ ਦੁਆਰਾ ਉਸ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ) ਜਾਂ ਜੱਜ ਅੱਗੇ ਜ਼ਮਾਨਤ ਦੀ ਅਰਜ਼ੀ ਲਗਾ ਸਕਦਾ ਹੈ। ਜ਼ਮਾਨਤਯੋਗ ਅਪਰਾਧਾਂ ਵਿਚ ਜ਼ਮਾਨਤ ਦੋਸ਼ੀ ਦਾ ਹੱਕ ਹੁੰਦਾ ਹੈ। ਜੇਕਰ ਉਹ ਜ਼ਮਾਨਤਨਾਮਾ ਦੇਣ ਲਈ ਤਿਆਰ ਹੈ ਤਾਂ ਪੁਲਿਸ ਅਫ਼ਸਰ ਜਾਂ ਜੱਜ ਉਸਨੂੰ ਜ਼ਮਾਨਤ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ । ਇੱਥੋਂ ਤੱਕ ਕਿ ਧਾਰਾ 50(2) ਅਨੁਸਾਰ ਪੁਲਿਸ ਅਫ਼ਸਰ ਦਾ ਫ਼ਰਜ਼ ਹੁੰਦਾ ਹੈ ਕਿ ਉਹ ਦੋਸ਼ੀ ਨੂੰ ਉਸ ਦੇ ਇਸ ਹੱਕ ਤੋਂ ਜਾਣੂ ਕਰਵਾਏ। ਉਹ ਵੱਖਰੀ ਗੱਲ ਹੈ ਕਿ ਜੇਕਰ ਦੋਸ਼ੀ ਬਾਅਦ ਵਿੱਚ ਜ਼ਮਾਨਤਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਜ਼ਮਾਨਤ ਅਦਾਲਤ ਦੁਆਰਾ ਰੱਦ ਕੀਤੀ ਜਾ ਸਕਦੀ ਹੈ ਅਤੇ ਉਸ ਨੂੰ ਗ੍ਰਿਫ਼ਤਾਰ ਕਰਕੇ ਕੈਦ ਵਿੱਚ ਰੱਖਿਆ ਜਾ ਸਕਦਾ ਹੈ।

ਦੂਜੇ ਹੱਥ ਜ਼ਮਾਨਤੀ ਅਪਰਾਧਾਂ ਦੇ ਉਲਟ ਗ਼ੈਰ ਜ਼ਮਾਨਤੀ ਅਪਰਾਧਾਂ ਵਿੱਚ " ਜ਼ਮਾਨਤ" ਲੈਣਾ ਦੋਸ਼ੀ ਦਾ ਹੱਕ ਨਹੀਂ ਹੁੰਦਾ। ਇਹ ਜੱਜ ਦੀ ਇੱਛਾ ਉੱਪਰ ਨਿਰਭਰ ਕਰਦਾ ਹੈ ਕਿ ਉਸਨੇ ਜ਼ਮਾਨਤ ਦੇਣੀ ਹੈ ਜਾਂ ਨਹੀਂ। ਉਸਦੀ ਇਹ ਇੱਛਾ ਮੁਕੱਦਮੇ ਦੇ ਤੱਥਾਂ ਉੱਪਰ ਨਿਰਭਰ ਕਰਦੀ ਹੈ। ਉਹ ਦੇਖਦਾ ਹੈ ਕਿ ਅਪਰਾਧ ਕਿੰਨਾ ਕੁ ਸੰਗੀਨ ਹੈ, ਜੇਕਰ ਦੋਸ਼ੀ ਨੂੰ ਜ਼ਮਾਨਤ ਦਿੱਤੀ ਜਾਂਦੀ ਹੈ ਤਾਂ ਕੀ ਉਹ ਗਵਾਹਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਆਦਿ ਇਹਨਾਂ ਸਭ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਜੱਜ ਦੇਖਦਾ ਹੈ ਕਿ ਜ਼ਮਾਨਤ ਦੇਣੀ ਚਾਹੀਦੀ ਹੈ ਜਾਂ ਨਹੀਂ। ਗ਼ੈਰ ਜ਼ਮਾਨਤੀ ਅਪਰਾਧਾਂ ਵਿੱਚ ਜ਼ਮਾਨਤ ਦੇ ਮੁੱਦੇ ਉਕਤ ਐਕਟ ਦੀ ਧਾਰਾ 437 ਦੇ ਅਧੀਨ ਆਉਂਦੇ ਹਨ। ਭਾਵੇਂ ਗ਼ੈਰ ਜ਼ਮਾਨਤੀ ਅਪਰਾਧਾਂ ਵਿਚ ਜੱਜ ਦੀ ਮਰਜ਼ੀ ਹੁੰਦੀ ਹੈ ਕਿ ਜ਼ਮਾਨਤ ਦੇਣੀ ਹੈ ਜਾਂ ਨਹੀਂ ਪਰ ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਗ਼ੈਰ ਜ਼ਮਾਨਤਯੋਗ ਅਪਰਾਧਾਂ ਵਿਚ ਵੀ ਜ਼ਮਾਨਤ ਦੋਸ਼ੀ ਦਾ ਹੱਕ ਬਣ ਜਾਂਦਾ ਹੈ। ਇਸ ਦੀ ਸਭ ਤੋਂ ਮੁੱਖ ਉਦਾਹਰਣ ਹੈ ਡਿਫਾਲਟ ਬੇਲ ( )।

ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੀ ਧਾਰਾ 57 ਅਨੁਸਾਰ ਦੋਸ਼ੀ ਨੂੰ ਗ੍ਰਿਫ਼ਤਾਰ ਕਰਨ ਤੋਂ ਬਾਅਦ ਉਸਨੂੰ 24 ਘੰਟਿਆ ਵਿਚ ਜੱਜ ਸਾਹਮਣੇ ਪੇਸ਼ ਕਰਨਾ ਹੁੰਦਾ ਹੈ। ਜੇਕਰ ਪੁਲਿਸ ਨੂੰ ਇਹ ਲੱਗਦਾ ਹੈ ਕਿ ਗ੍ਰਿਫ਼ਤਾਰੀ ਤੋਂ 24 ਘੰਟਿਆਂ ਵਿਚ ਦੋਸ਼ੀ ਤੋਂ ਪੁੱਛ ਗਿੱਛ ਪੂਰੀ ਨਹੀਂ ਹੋਈ ਅਤੇ ਹੋਰ ਪੁੱਛ ਗਿੱਛ ਕਰਨੀ ਬਾਕੀ ਹੈ ਤਾਂ ਦੋਸ਼ੀ ਨੂੰ ਜੱਜ ਸਾਹਮਣੇ ਪੇਸ਼ ਕਰਨ ਸਮੇਂ ਪੁਲਿਸ ਅਫਸਰ ਜੱਜ ਅੱਗੇ ਹੋਰ ਸਮੇਂ ਲਈ ਪੁਲਿਸ ਹਿਰਾਸਤ ਦੀ ਅਰਜ਼ੀ ਲਾ ਸਕਦਾ ਹੈ ਅਤੇ ਜੇਕਰ ਜੱਜ ਨੂੰ ਪੁਲਿਸ ਦੇ ਬਿਆਨਾਂ ਅਤੇ ਮੁਕੱਦਮੇ ਦੇ ਤੱਥਾਂ ਨੂੰ ਵੇਖ ਕੇ ਲੱਗਦਾ ਹੈ ਕਿ ਦੋਸ਼ੀ ਨੂੰ ਹੋਰ ਪੁਲਿਸ ਹਿਰਾਸਤ ਵਿਚ ਰੱਖਣਾ ਜ਼ਰੂਰੀ ਹੈ ਤਾਂ ਉਹ ਦੋਸ਼ੀ ਨੂੰ ਦੁਬਾਰਾ ਪੁਲਿਸ ਹਿਰਾਸਤ ਵਿਚ ਭੇਜ ਸਕਦਾ ਸਕਦਾ ਹੈ ਅਤੇ ਜੇਕਰ ਜੱਜ ਨੂੰ ਲੱਗਦਾ ਹੈ ਕਿ ਪੁਲਿਸ ਹਿਰਾਸਤ ਦੀ ਲੋੜ ਨਹੀਂ ਤਾਂ ਉਹ ਦੋਸ਼ੀ ਨੂੰ ਨਿਆਂਇਕ ਹਿਰਾਸਤ ਵਿਚ ਭੇਜ ਦਿੰਦਾ ਹੈ । ਇੱਥੇ ਧਿਆਨਯੋਗ ਗੱਲ ਇਹ ਹੈ ਕਿ ਜੱਜ ਸਿਰਫ਼ ਇਸ ਅਨੁਸਾਰ ਨਹੀਂ ਚੱਲਦਾ ਕਿ ਪੁਲਿਸ ਅਫ਼ਸਰ ਕੀ ਚਾਹੁੰਦਾ ਹੈ , ਜੱਜ ਆਪਣੀ ਸੂਝ ਬੂਝ ਨਾਲ ਅਤੇ ਸਾਰੇ ਤੱਥਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਵਿਚਾਰਦਾ ਹੈ ਕਿ ਦੋਸ਼ੀ ਨੂੰ ਪੁਲਿਸ ਹਿਰਾਸਤ ਵਿਚ ਭੇਜਣਾ ਹੈ ਜਾਂ ਨਿਆਂਇਕ ਹਿਰਾਸਤ ਵਿਚ । ਜੱਜ ਚਾਹੇ ਤਾਂ ਦੋਸ਼ੀ ਨੂੰ ਜ਼ਮਾਨਤ ਤੇ ਵੀ ਛੱਡ ਸਕਦਾ ਹੈ। ਧਾਰਾ 167 (1) ਅਨੁਸਾਰ ਅਦਾਲਤ ਦੋਸ਼ੀ ਨੂੰ ਕੁੱਲ 15 ਦਿਨ ਤੋਂ ਵੱਧ ਪੁਲਿਸ ਹਿਰਾਸਤ ਵਿਚ ਨਹੀਂ ਭੇਜ ਸਕਦੀ। ਉਹ ਦੋਸ਼ੀ ਨੂੰ ਇਕੱਠੇ 15 ਦਿਨ ਜਾਂ ਵੰਡ ਵੰਡ ਕੇ ਕੁੱਲ 15 ਦਿਨ ਤਕ ਪੁਲਿਸ ਹਿਰਾਸਤ ਵਿੱਚ ਭੇਜ ਸਕਦੀ ਹੈ। ਜੇਕਰ ਦੋਸ਼ੀ ਨੂੰ ਥੋੜ੍ਹੇ ਦਿਨ ਅਰਥਾਤ 15 ਦਿਨ ਤੋਂ ਘੱਟ ਲਈ ਪੁਲਿਸ ਹਿਰਾਸਤ ਵਿਚ ਭੇਜਿਆ ਗਿਆ ਹੈ ਅਤੇ ਉਹ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਜੇ ਪੁਲਿਸ ਨੂੰ ਲੱਗਦਾ ਹੈ ਕਿ ਹੋਰ ਪੁਲਿਸ ਹਿਰਾਸਤ ਚਾਹੀਦੀ ਹੈ ਤਾਂ ਉਹ ਦੁਬਾਰਾ ਜੱਜ ਅੱਗੇ ਇਸ ਲਈ ਅਰਜ਼ੀ ਲਾਵੇਗਾ । ਜਦੋਂ ਜਦੋਂ ਪੁਲਿਸ ਹਿਰਾਸਤ ਲਈ ਪੁਲਿਸ ਦੁਆਰਾ ਅਰਜ਼ੀ ਲਾਈ ਜਾਂਦੀ ਹੈ ਹਰ ਵਾਰ ਅਰਜ਼ੀ ਨਾਲ ਦੋਸ਼ੀ ਨੂੰ ਜੱਜ ਅੱਗੇ ਪੇਸ਼ ਕਰਨਾ ਜ਼ਰੂਰੀ ਹੁੰਦਾ ਹੈ।



ਐਡਵੋਕੇਟ
ਜਸ਼ਨਦੀਪ ਤਰੀਕਾ
ਪਿੰਡ ਅਰਨੀਵਾਲਾ
ਸ਼ੇਖ ਸ਼ੁਭਾਨ
ਮੋਬਾਇਲ ਨੰਬਰ
9501995829

ਧਾਰਾ 167(1) ਅਨੁਸਾਰ ਮੁਕੱਦਮੇ ਦੀ ਜਾਂਚ ਦੌਰਾਨ ਜੱਜ ਦੋਸ਼ੀ ਨੂੰ ਪੁਲਿਸ ਅਤੇ ਨਿਆਂਇਕ ਹਿਰਾਸਤ ਮਿਲਾ ਕੇ ਵੱਧ ਤੋਂ ਵੱਧ 60 ਜਾਂ 90 ਦਿਨ ਵਾਸਤੇ ਭੇਜ ਸਕਦਾ ਹੈ। ਇੱਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਜੱਜ ਦੋਸ਼ੀ ਨੂੰ ਪਹਿਲੇ ਪੰਦਰਾਂ ਦਿਨ ਵਿੱਚ ਹੀ ਪੁਲਿਸ ਹਿਰਾਸਤ ਲਈ ਭੇਜ ਸਕਦਾ । ਇਸ ਦਾ ਮਤਲਬ ਜੇਕਰ ਪਹਿਲੇ 15 ਦਿਨਾਂ ਵਿਚ ਦੋਸ਼ੀ ਨੂੰ ਪੁਲਿਸ ਹਿਰਾਸਤ ਵਿਚ ਨਹੀਂ ਭੇਜਿਆ ਗਿਆ ਤਾਂ ਬਾਕੀ ਦੇ 60 ਜਾਂ 90 ਦਿਨਾਂ ਵਿਚੋਂ ਰਹਿੰਦੇ 45 ਜਾਂ 75 ਦਿਨਾਂ ਵਿਚ ਜੱਜ ਦੋਸ਼ੀ ਨੂੰ ਸਿਰਫ਼ ਨਿਆਂਇਕ ਹਿਰਾਸਤ ਵਿਚ ਹੀ ਭੇਜ ਸਕਦਾ ਹੈ। 60 ਦਿਨ ਉਹਨਾਂ ਮੁਕੱਦਮਿਆਂ ਲਈ ਹੈ ਜਿਨ੍ਹਾਂ ਵਿੱਚ ਸਜ਼ਾ 10 ਸਾਲ ਤੋਂ ਘੱਟ ਹੈ ਅਤੇ 90 ਦਿਨ ਬਾਕੀ ਮੁਕੱਦਮਿਆਂ ਲਈ ਹੈ ਅਰਥਾਤ ਜਿਨ੍ਹਾਂ ਮੁਕੱਦਮਿਆਂ ਵਿਚ ਸਜ਼ਾ 10 ਜਾਂ 10 ਸਾਲ ਤੋਂ ਵੱਧ ਜਾਂ ਤਾਉਮਰ ਜਾਂ ਮੌਤ ਹੈ। ਧਾਰਾ 167(2) ਅਨੁਸਾਰ ਜੇਕਰ ਦੋਸ਼ੀ ਉਕਤ 60 ਜਾਂ 90 ਦਿਨ ਲਗਾਤਾਰ ਹਿਰਾਸਤ ਵਿਚ ਰਿਹਾ ਹੈ ਅਰਥਾਤ ਉਸਨੂੰ ਜ਼ਮਾਨਤ ਨਹੀਂ ਮਿਲੀ ਅਤੇ ਪੁਲਿਸ ਇਹਨਾਂ 60 ਜਾਂ 90 ਦਿਨਾਂ ਵਿਚ ਜਾਂਚ ਪੂਰੀ ਕਰਕੇ ਚਲਾਨ ਪੇਸ਼ ਨਹੀਂ ਕਰਦੀ ਤਾਂ ਦੋਸ਼ੀ ਕੋਲ ਜ਼ਮਾਨਤ ਦਾ ਹੱਕ ਆ ਜਾਂਦਾ ਹੈ। ਇਸ ਜ਼ਮਾਨਤ ਨੂੰ ਡਿਫਾਲਟ ਬੇਲ( ) ਵਜੋਂ ਜਾਣਿਆ ਜਾਂਦਾ ਹੈ। "" ਦਾ ਅਰਥ ਹੁੰਦਾ ਹੈ ' ਕੁਤਾਹੀ' ।ਇਸ ਜ਼ਮਾਨਤ ਦਾ ਹੱਕ ਦੋਸ਼ੀ ਕੋਲ ਪੁਲਿਸ ਦੀ ਕੁਤਾਹੀ ਕਰਕੇ ਪੈਦਾ ਹੁੰਦਾ ਹੈ ਅਰਥਾਤ 60 ਜਾਂ 90 ਦਿਨ ਵਿਚ ਜਾਂਚ ਪੂਰੀ ਕਰਕੇ ਚਲਾਨ ਪੇਸ਼ ਨਾ ਕਰਨ ਕਰਕੇ ਪੈਦਾ ਹੁੰਦਾ ਹੈ ਇਸ ਕਰਕੇ ਇਸ ਜ਼ਮਾਨਤ ਨੂੰ ਦਾ ਨਾਮ ਦਿੱਤਾ ਗਿਆ ਹੈ। ਜੇ 60 ਜਾਂ 90 ਦਿਨ ਬੀਤ ਜਾਣ ਤੋਂ ਬਾਅਦ ਅਜੇ ਚਲਾਨ ਪੇਸ਼ ਨਹੀਂ ਹੋਇਆ ਅਤੇ ਦੋਸ਼ੀ ਨੇ ਧਾਰਾ 167(2) ਅੰਦਰ ਜੱਜ ਕੋਲ ਜ਼ਮਾਨਤ ਦੀ ਅਰਜ਼ੀ ਲਾ ਦਿੱਤੀ ਹੈ ਤਾਂ ਜੱਜ ਨੂੰ ਦੋਸ਼ੀ ਨੂੰ ਜ਼ਮਾਨਤ ਤੇ ਛੱਡਣਾ ਪਵੇਗਾ ਕਿਉਂਕਿ ਹੁਣ ਜ਼ਮਾਨਤ ਲੈਣਾ ਉਸਦਾ ਹੱਕ ਬਣ ਚੁੱਕਾ ਹੈ । ਉਦਹਾਰਣ ਵਜੋਂ ਫ਼ਰਜ਼ ਕਰੋ ਕਿ ਕਿਸੇ " " ਵਿਅਕਤੀ ਨੂੰ ਕਿਸੇ ਦੋਸ਼ ਲਈ ਗ੍ਰਿਫ਼ਤਾਰ ਕਰਕੇ ਹਿਰਾਸਤ ਵਿਚ ਰੱਖਿਆ ਗਿਆ ਹੈ ਅਤੇ ਉਸਨੂੰ ਲਗਾਤਾਰ ਹਿਰਾਸਤ ਵਿਚ ( ਪੁਲਿਸ ਅਤੇ ਨਿਆਂਇਕ ਹਿਰਾਸਤ ਮਿਲਾ ਕੇ) 60 ਜਾਂ 90 ਦਿਨ ਪੂਰੇ ਹੋ ਗਏ ਹਨ ਅਤੇ ਅਜੇ ਤੱਕ ਪੁਲਿਸ ਦੁਆਰਾ ਚਲਾਨ ਨਹੀਂ ਪੇਸ਼ ਕੀਤਾ ਗਿਆ । 60 ਜਾਂ 90 ਦਿਨ ਤੋਂ ਬਾਅਦ ਚਲਾਨ ਪੇਸ਼ ਹੋਣ ਤੋਂ ਪਹਿਲਾਂ ਜੇਕਰ" " ਧਾਰਾ 167(2) ਅੰਦਰ ਜੱਜ ਅੱਗੇ ਜ਼ਮਾਨਤ ਦੀ ਅਰਜ਼ੀ ਲਗਾ ਦਿੰਦਾ ਹੈ ਤਾਂ ਜੱਜ ਨੂੰ ਉਸ ਨੂੰ ਜ਼ਮਾਨਤ ਤੇ ਛੱਡਣਾ ਪਵੇਗਾ ਪਰ ਸ਼ਰਤ ਇਹ ਹੈ ਕਿ " ਅ" ਜ਼ਮਾਨਤਨਾਮਾ ਦੇਣ ਲਈ ਤਿਆਰ ਹੋਵੇ। ਇੱਥੇ ਇਹ ਗੱਲ ਧਿਆਨ ਵਿੱਚ ਰੱਖਣੀ ਜ਼ਰੂਰੀ ਹੈ ਕਿ ਜੇਕਰ 60 ਜਾਂ 90 ਦਿਨ ਪੂਰੇ ਹੋ ਗਏ ਹਨ ਪਰ ਅਜੇ ਦੋਸ਼ੀ ਨੇ ਧਾਰਾ 167(2) ਅੰਦਰ ਜ਼ਮਾਨਤ ਲਈ ਅਰਜ਼ੀ ਨਹੀਂ ਲਾਈ ਅਤੇ ਉਸ ਤੋਂ ਪਹਿਲਾਂ ਪੁਲਿਸ ਨੇ ਚਲਾਨ ਪੇਸ਼ ਕਰ ਦਿੱਤਾ ਤਾਂ ਦੋਸ਼ੀ ਦਾ 167(2) ਅੰਦਰ ਜ਼ਮਾਨਤ ਲੈਣ ਦਾ ਹੱਕ ਖ਼ਤਮ ਹੋ ਜਾਵੇਗਾ ਕਿਉਂਕਿ ਕਿਹਾ ਜਾਂਦਾ ਹੈ ਕਿ ਜੋ ਲੋਕ ਆਪਣੇ ਹੱਕਾਂ ਲਈ ਸੁੱਤੇ ਰਹਿੰਦੇ ਹਨ ਤਾਂ ਅਦਾਲਤਾਂ ਵੀ ਉਹਨਾਂ ਦੀ ਮਦਦ ਨਹੀਂ ਕਰ ਸਕਦੀਆਂ । ਇਸ ਜ਼ਮਾਨਤ ਦਾ ਹੱਕ ਇਸ ਕਰਕੇ ਦਿੱਤਾ ਗਿਆ ਹੈ ਤਾਂ ਜੋ ਜਾਂਚ ਕਰਨ ਵਾਲੀ ਏਜੰਸੀ ਜਲਦ ਤੋਂ ਜਲਦ ਜਾਂਚ ਖ਼ਤਮ ਕਰਕੇ ਚਲਾਨ ਪੇਸ਼ ਕਰੇ ਤਾਂ ਜੋ ਦੋਸ਼ੀ ਦੇ ਸੰਵਿਧਾਨ ਦੀ ਧਾਰਾ 21 ਅੰਦਰਲੇ ਹੱਕਾਂ ਜਿਵੇਂ ਕਿ ਨਿੱਜੀ ਆਜ਼ਾਦੀ ਆਦਿ ਨੂੰ ਯਕੀਨੀ ਬਣਾਇਆ ਜਾ ਸਕੇ। ਜੇਕਰ ਕੋਈ ਦੋਸ਼ੀ ਧਾਰਾ 167(2) ਅੰਦਰ ਜ਼ਮਾਨਤ ਲਾਉਂਦਾ ਹੈ ਅਤੇ ਜੱਜ ਉਸ ਦੀ ਅਰਜ਼ੀ ਨੂੰ ਬਿਨਾਂ ਗੱਲ ਤੋਂ ਰੱਦ ਕਰ ਦਿੰਦਾ ਹੈ ਤਾਂ ਦੋਸ਼ੀ ਜੱਜ ਦੇ ਫ਼ੈਸਲੇ ਵਿਰੁੱਧ ਅਪੀਲ ਵਿਚ ਉੱਚ ਅਦਾਲਤ ਕੋਲ ਜਾ ਸਕਦਾ ਹੈ। ਜੇਕਰ ਇਸ ਅਪੀਲ ਦੇ ਚੱਲਦਿਆਂ ਪੁਲਿਸ ਚਲਾਨ ਪੇਸ਼ ਵੀ ਕਰ ਦਿੰਦੀ ਹੈ ਤਾਂ ਵੀ ਇਸ ਨਾਲ ਦੋਸ਼ੀ ਦੇ ਦੇ ਹੱਕ ਨੂੰ ਖੋਹਿਆ ਨਹੀਂ ਜਾ ਸਕਦਾ ਕਿਉਂਕਿ ਉਸ ਨੂੰ ਜ਼ਮਾਨਤ ਜੱਜ ਦੀ ਗ਼ਲਤੀ ਕਰਕੇ ਨਹੀਂ ਮਿਲੀ ਸੀ ਨਾ ਕਿ ਖ਼ੁਦ ਦੀ ਗ਼ਲਤੀ ਕਰਕੇ।

ਧਾਰਾ 167 (2) ਭਾਵੇਂ ਜ਼ਾਬਤਾ ਫ਼ੌਜਦਾਰੀ ਸੰਘਤਾ, 1973 ਦੇ ਕਾਂਡ 12 ਅਧੀਨ ਆਉਂਦੀ ਹੈ ਪਰ 167 ਵਿਚ ਲਿਖਿਆ ਗਿਆ ਹੈ ਕਿ ਇਸ ਧਾਰਾ ਅਧੀਨ ਦਿੱਤੀ ਜ਼ਮਾਨਤ ਨੂੰ ਇਸ ਤਰ੍ਹਾਂ ਮੰਨਿਆ ਜਾਵੇਗਾ ਜਿਵੇਂ ਕਿ ਇਹ ਜ਼ਮਾਨਤ ਕਾਂਡ 33 ਦੇ ਅੰਦਰ ਦਿੱਤੀ ਗਈ। ਇਸ ਦਾ ਪ੍ਰਭਾਵ ਇਹ ਪਵੇਗਾ ਕਿ ਜੇਕਰ ਕੱਲ੍ਹ ਨੂੰ ਦੋਸ਼ੀ ਜ਼ਮਾਨਤਨਾਮੇ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਧਾਰਾ 167(2) ਵਾਲੀ ਜ਼ਮਾਨਤ ਨੂੰ ਧਾਰਾ 437(5) ਅਧੀਨ ਮੈਜਿਸਟ੍ਰੇਟ ਦੁਆਰਾ ਅਤੇ ਧਾਰਾ 439(2) ਅਧੀਨ ਸੈਸ਼ਨ ਜੱਜ ਜਾਂ ਹਾਈ ਕੋਰਟ ਦੁਆਰਾ ਰੱਦ ਕੀਤਾ ਜਾ ਸਕਦਾ ਹੈ। ਪਰ 167(2) ਦੀ ਜ਼ਮਾਨਤ ਤੋਂ ਬਾਅਦ ਜੇਕਰ ਪੁਲਿਸ ਚਲਾਨ ਪੇਸ਼ ਕਰ ਦਿੰਦੀ ਹੈ ਤਾਂ ਸਿਰਫ਼ ਇਸ ਕਾਰਨ ਕਰਕੇ ਦੋਸ਼ੀ ਦੀ ਜ਼ਮਾਨਤ ਰੱਦ ਨਹੀਂ ਕੀਤੀ ਜਾ ਸਕਦੀ।

ਸੋ ਉਕਤ ਵਿਚਾਰ ਵਟਾਂਦਰੇ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਕਿਸ ਤਰ੍ਹਾਂ ਅਤੇ ਕਿੰਨ੍ਹਾਂ ਮੁਕੱਦਮਿਆਂ ਵਿੱਚ ਦੋਸ਼ੀ ਕੋਲ ਜ਼ਮਾਨਤ ਦਾ ਹੱਕ ਹੈ ਅਤੇ ਕਿੰਨ੍ਹਾਂ ਮੁਕੱਦਮਿਆਂ ਵਿੱਚ ਦੋਸ਼ੀ ਦੀ ਜ਼ਮਾਨਤ ਜੱਜ ਉਪਰ ਨਿਰਭਰ ਕਰਦੀ ਹੈ।

# ਫਰਾਂਸ ਵਿੱਚ ਰਿਸ਼ਮਾਂ ਬਿਖੇਰਦਾ ਪੰਜਾਬ ਦਾ ਚੰਨ : ਕੁਲਵੰਤ ਕੌਰ ਚੰਨ

ਚੰਨ ਦੀ ਖ਼ੂਬਸੂਰਤੀ ਦੀ ਹਰ ਕੋਈ ਤਰੀਫ਼ ਕਰਦਾ ਹੈ । ਚੰਨ ਦੀ ਖ਼ੂਬਸੂਰਤੀ ਸਭ ਦੀਆਂ ਅੱਖਾਂ ਨੂੰ ਠੰਡਕ ਪ੍ਰਦਾਨ ਕਰਦੀ ਹੈ। ਜੇਕਰ ਕੋਈ ਮੁਟਿਆਰ ਹੋਵੇ ਹੀ ਚੰਨ ਵਰਗੀ ਖ਼ੂਬਸੂਰਤ ਤੇ ਨਾਮ ਦੇ ਪਿੱਛੇ ਵੀ ਚੰਨ ਲੱਗਦਾ ਹੋਵੇ ਤਾਂ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਜਾਂਦੀ ਹੈ । ਜੀ ਹਾਂ ਮੈਂ ਅਜਿਹੀ ਹੀ ਇਕ ਅਜ਼ੀਮ ਸ਼ਖ਼ਸੀਅਤ ਦੀ ਗੱਲ ਕਰਨ ਜਾ ਰਹੀ ਹਾਂ ਜਿਸ ਦਾ ਨਾਮ ਅੱਜ ਕੱਲ ਕਿਸੇ ਜਾਣ-ਪਛਾਣ ਦਾ ਮੁਥਾਜ ਨਹੀਂ। ਜੋ ਲਿਖਨ ਵਿੱਚ ਗਾਉਣ ਵਿਚ ਤਾਂ ਬਹੁਤ ਉਮਦਾ ਹੈ ਹੀ ,ਸੁੰਦਰਤਾ ਪੱਖੋਂ ਵੀ ਕਿਸੇ ਵੀ ਸੋਹਣੀ ਤੋਂ ਸੋਹਣੀ ਮੁਟਿਆਰ ਨੂੰ ਮਾਤ ਪਾਉਂਦੀ ਹੈ । ਮੇਰੀ ਮੁਰਾਦ ਹੈ ਗੁਣਾਂ ਦੀ ਗੁਥਲੀ , ਨਿੱਘੇ ਸੁਭਾਅ ਦੇ ਮਾਲਕ , ਬਹੁਤ ਹੀ ਸੋਹਣੀ ਗਾਇਕੀ ਤੇ ਬੁਲੰਦ ਕਲਮ ਦੀ ਮਾਲਕ ਸ੍ਰੀਮਤੀ ਕੁਲਵੰਤ ਕੌਰ ਚੰਨ ਤੋਂ । ਚੰਨ ਜੀ ਅੱਜਕਲ ਭਾਵੇਂ ਰਹਿ ਤਾਂ ਭਲਾ ਪਰਦੇਸ ਵਿਚ ਰਹੇ ਹਨ ਆਪਣੀ ਧਰਤੀ ਪੰਜਾਬ ਤੇ ਮਾਂ ਬੋਲੀ ਦੀ ਖੁਸ਼ਬੂ ਉਹਨਾਂ ਦੇ ਰੋਮ ਰੋਮ ਵਿੱਚ ਸਮਾਈ ਹੋਈ ਹੈ।

ਅਤਿਅੰਤ ਨਿੱਘੇ ਸੁਭਾਅ ਦੀ ਮਾਲਕ ਮੈਡਮ ਚੰਨ ਜੀ ਨਾਲ ਗੱਲਾਂ ਕਰਨ ਲੱਗੇ ਤਾਂ ਦਿਲ ਕਰਦਾ ਹੁੰਦਾ ਇਹ ਗੱਲਬਾਤ ਕਦੇ ਖਤਮ ਨਾ ਹੋਵੇ । ਉਹਨਾਂ ਦਾ ਸੁਭਾਅ ਹੈ ਕਿ ਗੱਲਾਂ ਕਰਦੇ-ਕਰਦੇ ਵਿੱਚੋਂ ਕੋਈ ਨਾ ਕੋਈ ਗੀਤ, ਗਜ਼ਲ ਛੋਹ ਲੈਣਗੇ ਤੇ ਐਨੀ ਮਿੱਠੀ ਆਵਾਜ਼ ਨਾਲ ਕੰਨਾਂ ਵਿੱਚ ਮਿਸ਼ਰੀ ਘੋਲਦੇ ਹਨ ਕਿ ਸੁਣਨ ਵਾਲਾ ਕੀਲਿਆ ਜਾਂਦਾ ਹੈ ।

ਲਿਖਣ ਤੇ ਗਾਉਣ ਦੀ ਚੇਟਕ ਕਿਵੇਂ ਲੱਗੀ ਪੁੱਛਣ ਤੇ ਦੱਸਦੇ ਨੇ ਕਿ ਪੰਜਾਬ ਦੀ ਧੀ ਸਾਂ ਤੇ ਜੰਮੂ ਕਸ਼ਮੀਰ ਵਿੱਚ ਵਿਆਹ ਕੇ ਆਈ ਤੇ ਪਤੀ ਦੇਵ ਰੋਜ਼ੀ ਰੋਟੀ ਲਈ ਕੁਝ ਸਾਲ ਬਾਅਦ ਵਿਦੇਸ਼ ਚਲੇ ਗਏ। ਮਗਰੋਂ ਉਹਨਾਂ ਦੀ ਜੁਦਾਈ ਦੇ ਦਰਦ ਨੇ ਮੇਰੇ ਹੱਥ ਕਲਮ ਫੜਾ ਦਿੱਤੀ । ਬੱਸ ਫਿਰ ਕਦੇ ਮੁੜਕੇ ਨਹੀ ਦੇਖਿਆ । ਮੈਡਮ ਚੰਨ ਜੀ ਦੀਆਂ ਸਮੁੱਚੀਆਂ ਗਤੀਵਿਧੀਆਂ ਤੇ ਉਹਨਾਂ ਨੂੰ ਮਿਲੇ ਮਾਣ ਸਨਮਾਨਾਂ ਤੇ ਇੱਕ ਨਜ਼ਰ ਮਾਰੀਏ ਤਾਂ ਸਹਿਜੇ ਹੀ ਉਹਨਾਂ ਦੀ ਕਰਮਸ਼ੀਲਤਾ ਨੂੰ ਸਲਾਮ ਕਰਨ ਨੂੰ ਮਨ ਕਰਦਾ ਹੈ ;

ਆਪ ਜੀ ਸਾਹਿਤਕਾਰ,ਸਮਾਜ ਸੇਵਿਕਾ ,ਕਵਿਤਰੀ ਤੇ ਗਾਇਕਾ ਸਾਰੇ ਗੁਣ ਰੱਖਦੇ ਹਨ। ਇਹਨਾਂ ਦੀਆਂ ਪ੍ਰਾਪਤੀਆਂ ਦੀ ਸੂਚੀ ਬਹੁਤ ਵਿਸ਼ਾਲ ਹੈ ।

ਕਿਤਾਬਾਂ ; ਬਿਰਹਾ ਦੇ ਸੱਲ 2006

ਕਿਵੇਂ ਸਹਾਂ ਸੱਲ 2008

ਸਾਹਿਤਕਾਰਾ ਤੇ ਸਮਾਜ ਸੇਵਿਕਾ ਕੁਲਵੰਤ ਕੌਰ ਚੰਨ 2020

ਸੁਰ ਸੰਗਮ ਦਾ ਸੁਮੇਲ 2021

ਸਾਂਝੀਆਂ ਕਿਤਾਬਾਂ; ਜੰਗਲਾਂ ਦੇ ਰੁੱਖ ਬੋਲਦੇ,

ਕਲਮਾਂ ਦੇ ਯੋਧੇ,ਕਲਮਾਂ ਦੀ ਪ੍ਰਵਾਜ਼,ਕਾਵ ਤ੍ਰਿਵੇਣੀ,ਕੋਮਲ ਕਲਾਵਾਂ ,ਮੂੰਹ ਬੋਲਦੀਆਂ ਕਲਮਾਂ ਹਰਿਆਣਾ ਵਿਚ ਪੰਜਵੀਂ ਜਮਾਤ ਵਿੱਚ ਇਹਨਾਂ ਦੇ ਗੀਤ ਲੱਗੇ ਹੋਏ ਹਨ।

ਇਹਨਾਂ ਨੂੰ ਕਹਾਣੀਆਂ, ਮਿੰਨੀ ਕਹਾਣੀਆਂ,ਗ਼ਜ਼ਲਾਂ,ਗੀਤ, ਲਿਖਣ ਤੇ ਗਾਉਣ ਵਿੱਚ ਮੁਹਾਰਤ ਹਾਸਲ ਹੈ।

ਅਖਬਾਰਾਂ ਵਿੱਚ ਵੀ ਛਪੇ ਹਨ; ਅਜੀਤ, ਤੇ ਜਰਮਨੀ ਅਤੇ ਕੈਨੇਡਾ ਦੇ।

ਫਰਾਂਸ, ਇੰਗਲੈਂਡ,ਆਸਟ੍ਰੇਲੀਆ ਤੇ ਰੇਡੀਓ ਤੇ ਆਮ ਤੌਰ ਤੇ ਗਾਉਂਦੇ ਹਨ।

ਮਾਣ ਸਨਮਾਨ ;

1 2021 ਵਿੱਚ ਪਹਿਲੀਆਂ 100 ਔਰਤਾਂ ਵਿਚ ਚੁਣੇ ਗਏ।

2 1997 ਓਲਡ ਕੇਅਰ ਸੁਸਾਇਟੀ ਜੰਮੂ ਅਤੇ ਕਸ਼ਮੀਰ ਵਲੋਂ ਸਰਟੀਫਿਕੇਟ ਆਫ ਸੋਸ਼ਲ ਸਰਵਸ

3 2006 ਨੀਮਾ ਮੋਹਰਾ ਡੋਗਰੀ ਐਵਾਰਡ ਤਤਕਾਲੀਨ ਮੁੱਖ ਮੰਤਰੀ ਜੰਮੂ ਅਤੇ ਕਸ਼ਮੀਰ ਵਲੋਂ।

4ਮਹਾਤਮਾ ਗਾਂਧੀ ਐਵਾਰਡ ਫਾਰ ਪੀਸ ਐਂਡ ਇੰਟਰਨੈਸ਼ਨਲ ਅੰਡਰ ਸਟੈਂਡਿੰਗ 2006

5 ਨਹਿਰੂ ਪੀਸ ਐਵਾਰਡ 2008

6 ਰਵਿੰਦਰ ਨਾਥ ਟੈਗੋਰ ਐਵਾਰਡ 2012

7 ਸ਼ਿਰੋਮਣੀ ਲਿਖਾਰੀ ਸਭਾ ਪੰਜਾਬੀ ( ਰਜਿਸਟਰਡ) ਵਲੋਂ ਸਨਮਾਨ 2021

8 ਕੋਮਲ ਕਲਾਵਾਂ ਐਵਾਰਡ 2021

9 ਡਾਕਟਰ ਕਾਲ਼ਾ ਬੇਦੀ ਮੰਚ ਵਲੋਂ ਅਸ਼ੀਰਵਾਦ ਪਤਰ 2012

10 ਹੰਬਲ ਡਾਕਟਰ ਆਫ ਪੰਜਾਬੀ ਕਲਚਰ ਲੰਡਨ ਵਲੋਂ 2009

11 ਜਹਿਦਾ ਖਾਨ ਡੀ ਸੀ ਕਠੂਆ ਵਲੋਂ ਸਮਾਜਿਕ ਸੇਵਾਵਾਂ ਤੇ ਗੀਤਾਂ ਲਈ ਸਨਮਾਨ ਪਤਰ 2011

12 ਬੈਸਟ ਵੋਮਨ ਪੰਜਾਬ , ਜੰਮੂ ਅਤੇ ਕਸ਼ਮੀਰ ਵਲੋਂ 2021

13 ਬੈਸਟ ਵੋਮੰਨ ਪੰਜਾਬ ਫਰਾਂਸ ਵਲੋਂ 2021

14 ਸਾਹਿਤ ਕਲਾ ਤੇ ਸੱਭਿਆਚਾਰਕ ਮੰਚ ਵੱਲੋਂ ਵਿਰਸਾ ਵਿਹਾਰ ਜਲੰਧਰ ਵਿਖੇ ਸਨਮਾਨ 2009

15 ਸ਼ਹੀਦ ਅਜੀਤ ਸਿੰਘ ਐਵਾਰਡ ਗੋਲਡ ਮੈਡਲ 2012

16 ਰੋਲ ਮਾਡਲ ਐਵਾਰਡ ਵੀ ਮੀਡੀਆ ਵਲੋਂ 2021

17 ਸਰਦਾਰ ਕਰਨੈਲ ਸਿੰਘ ਸੋਹਲ ਵਲੋਂ ਪੰਜਾਬੀ ਭਵਨ ਲੁਧਿਆਣਾ ਵਿਖੇ ਸਨਮਾਨ 2015

18 ਰਾਬਤਾ ਰੇਡੀਓ ਵਲੋਂ ਸਨਮਾਨ ਪੱਤਰ।

ਇਸ ਤੋਂ ਇਲਾਵਾ ਬਹੁਤ ਸਾਰੇ ਰੇਡੀਓ ,ਟੈਲੀਵਿਜ਼ਨ ਚੈਨਲਾਂ ਤੇ ਪ੍ਰੋਗਰਾਮ ਤੇ ਇੰਟਰਵਿਊ ਕਰਦੇ ਹੀ ਰਹਿੰਦੇ ਹਨ।

22 ਸਾਲ ਤੋਂ ਕੀਰਤਨ ,ਪੰਜਾਬੀ ਭਾਸ਼ਾ ਲਈ ਕੈਂਪ ,ਗੁਰੂਦਵਾਰੇ ਵਿਚ ਲਗਾਉਂਦੇ ਆ ਰਹੇ ਹਨ।

ਸੋ ਇਹ ਹਨ ਮੈਡਮ ਚੰਨ ਜੀ ਜਿੰਨਾਂ ਦੀਆਂ ਸੇਵਾਵਾਂ ਨੇ ਦੇਖਦੇ ਹੋਏ ਓਨਟਾਰੀਓ ਫਰੈਡਜ਼ ਕਲੱਬ ਦੇ ਪ੍ਰਧਾਨ ਸਰਦਾਰ ਰਵਿੰਦਰ ਸਿੰਘ ਕੰਗ ਜੀ ਨੇ ਉਹਨਾਂ ਨੂੰ ਕਲੱਬ ਦੀ ਇਸਤ੍ਰੀ ਵਿੰਗ ਦੀ ਸਰਪ੍ਰਸਤ ਬਣਾ ਕੇ ਉਹਨਾਂ ਦੇ ਮਾਨ ਵਿੱਚ ਹੋਰ ਵੀ ਵਾਧਾ ਕੀਤਾ ਹੈ ।ਸਾਡੀ ਦਿੱਲੀ ਇੱਛਾ ਹੈ ਕਿ ਮੈਡਮ ਕੁਲਵੰਤ ਕੌਰ ਚੰਨ ਜੀ ਇਸੇ ਤਰ੍ਹਾਂ ਚੌਦਵੀਂ ਦੇ ਚੰਨ ਦੀ ਤਰ੍ਹਾਂ ਆਪਣੀ ਚਮਕ ਬਿਖੇਰਦੇ ਰਹਿਣ ਤੇ ਪੰਜਾਬੀ ਵਿਰਸੇ ਦਾ ਮਾਣ ਵਧਾਉਂਦੇ ਰਹਿਣ । ਰੱਬ ਉਹਨਾਂ ਨੂੰ ਖੂਬ ਲੰਬੀ ਉਮਰ ਦੇਵੇ ।ਆਮੀਨ ।

ਰਾਜਨਦੀਪ ਕੌਰ ਮਾਨ
6239326166

## ਕੋਟਕਪੂਰਾ ਗੋਲੀਕਾਂਡ ਕੇਸ ਦਾ ਫੈਸਲਾ ਦੇਣ ਵਾਲੇ ਹਾਈ ਕੋਰਟ ਜੱਜ ਦੀ ਰਾਸ਼ਟਰਪਤੀ ਨੂੰ ਸ਼ਿਕਾਇਤ

ਚੰਡੀਗੜ੍ਹ, 23 ਮਈ (ਪੋਸਟ ਬਿਊਰੋ)- ਕੋਟਕਪੂਰਾ ਗੋਲੀਕਾਂਡ ਕੇਸ ਵਿੱਚ ਪੰਜਾਬ ਦੇ ਸਾਬਕਾ ਆਈ ਜੀ ਕੁੰਵਰ ਵਿਜੇ ਪ੍ਰਤਾਪ ਸਿੰਘ ਵਾਲੀ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੀ ਰਿਪੋਰਟ ਵਿੱਚ ਕਮੀਆਂ ਦੱਸ ਕੇ ਇਸ ਨੂੰ ਰੱਦ ਕਰਨ ਅਤੇ ਨਵੇਂ ਸਿਰੇ ਤੋਂ ਜਾਂਚ ਦੇ ਆਦੇਸ਼ ਦੇਣ ਦਾ ਫੈਸਲਾ ਦੇਣ ਵਾਲੇ ਪੰਜਾਬ ਹਰਿਆਣਾ ਹਾਈ ਕੋਰਟ ਦੇ ਜੱਜ ਦੇ ਖਿਲਾਫ ਹਵਾਰਾ ਕਮੇਟੀ ਦੇ ਆਗੂਆਂ ਨੇ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਸੁਪਰੀਮ ਕੋਰਟ ਦੇ ਚੀਫ ਜੱਜ ਨੂੰ ਸ਼ਿਕਾਇਤ ਕੀਤੀ ਗਈ ਹੈ। ਇਸ ਸ਼ਿਕਾਇਤ ਵਿੱਚ ਲਿਖਿਆ ਹੈ ਕਿ ਇਸ ਫੈਸਲੇ ਨੇ ਸਿੱਖਾਂ ਦਾ ਉਹ ਵਿਸ਼ਵਾਸ ਹੋਰ ਮਜ਼ਬੂਤ ਕੀਤਾ ਹੈ ਕਿ ਭਾਰਤ ਦਾ ਮੌਜੂਦਾ ਤੰਤਰ, ਜਿਸ ਵਿੱਚ ਨਿਆਂਪਾਲਿਕਾ ਸ਼ਾਮਲ ਹੈ, ਉਨ੍ਹਾਂ ਨੂੰ ਇਨਸਾਫ ਨਹੀਂ ਦੇ ਰਿਹਾ।

ਪੱਤਰਕਾਰਾਂ ਨਾਲ ਗੱਲਬਾਤ ਦੇਦੌਰਾਨ ਵਕੀਲ ਅਮਰ ਸਿੰਘ ਚਾਹਲ, ਜੇਲ੍ਹ ਵਿੱਚ ਬੰਦ ਜਗਤਾਰ ਸਿੰਘ ਹਵਾਰਾ ਦੇ ਧਰਮ ਪਿਤਾ ਗੁਰਚਰਨ ਸਿੰਘ ਅਤੇ ਅਕਾਲੀ ਯੂਥ ਦੇ ਪ੍ਰਧਾਨ ਜਸਵਿੰਦਰ ਸਿੰਘ ਨੇ ਇਹ ਦੋਸ਼ ਲਾਏ ਹਨ। ਹਵਾਰਾ ਕਮੇਟੀ ਨੇ ਨੌਂ ਅਪਰੈਲ ਨੂੰ ਸੁਣਾਏ ਇਸ ਫੈਸਲੇ ਦੀ ਨਿਖੇਧੀ ਕੀਤੀ ਅਤੇ ਮੰਗ ਕੀਤੀ ਹੈ ਕਿ ਇਸ ਗਲਤ ਫੈਸਲੇ ਬਾਰੇ ਜਾਂਚ ਵਿੱਚ ਫੈਸਲਾ ਸੁਣਾ ਦਿੱਤੇ ਜਾਣ ਤੱਕ ਇਸ ਜੱਜ ਨੂੰ ਕੋਈ ਨਿਆਂਇਕ ਕੰਮ ਨਾ ਦਿੱਤਾ ਜਾਵੇ। ਇਸ ਤੋਂ ਇਲਾਵਾ ਮਾਮਲੇ ਦੀ ਜਾਂਚ ਦੌਰਾਨ ਇਸ ਜੱਜ ਦਾ ਕਿਸੇ ਹੋਰ ਥਾਂ ਤਬਾਦਲਾ ਕਰਨ ਦੀ ਵੀ ਮੰਗ ਕੀਤੀ ਗਈ ਹੈ।

## ਆਈ ਜੀ ਜਲੰਧਰ ਰੇਂਜ ਦੀ ਫੋਟੋ ਲਾ ਕੇ ਫੇਸਬੁੱਕ ਆਈ ਡੀ ਬਣਾਈ

ਜਲੰਧਰ, 23 ਮਈ (ਪੋਸਟ ਬਿਊਰੋ)- ਇਸ ਸ਼ਹਿਰ ਵਿੱਚ ਸਾਈਬਰ ਠੱਗਾਂ ਦੇ ਦਿੱਲ ਤੋਂ ਪੁਲਸ ਦਾ ਡਰ ਇੰਜ ਗਾਇਬ ਹੋ ਚੁੱਕਾ ਹੈ ਕਿ ਉਹ ਸ਼ਰੇਆਮ ਪੁਲਸ ਦੇ ਵੱਡੇ ਅਫਸਰਾਂ ਨਾਲ ਵੀ ਠੱਗੀ ਤੋਂ ਬਾਜ਼ ਨਹੀਂ ਝਿਜਕਦੇ।

ਅਜਿਹੀ ਇੱਕ ਘਟਨਾ ਵਿੱਚਜਲੰਧਰ ਰੇਂਜ ਦੇ ਆਈ ਜੀ ਕੌਸਤੁਭ ਸ਼ਰਮਾ ਦੇ ਨਾਂਅ ਉੱਤੇ ਸਾਈਬਰ ਠੱਗਾਂ ਨੇ ਉਨ੍ਹਾਂ ਦਾ ਫਰਜ਼ੀ ਫੇਸਬੁੱਕ ਅਕਾਊਂਟ ਬਣਾ ਲਿਆ ਹੈ। ਇਸ ਫੇਸਬੁੱਕ ਅਕਾਊਂਟ ਉੱਤੇ ਠੱਗਾਂ ਨੇ ਉਨ੍ਹਾਂ ਦੀ ਫੈਮਿਲੀ ਫੋਟੋ ਵੀ ਪਾ ਦਿੱਤੀ ਅਤੇ ਉਨ੍ਹਾਂ ਦੇ ਦੋਸਤਾਂ ਨੂੰ ਫਰੈਂਡ ਰਿਕਵੈਸਟ ਭੇਜ ਕੇ ਉਨ੍ਹਾਂ ਤੋਂ ਪੈਸਿਆਂ ਦੀ ਮੰਗ ਕਰਨ ਲੱਗੇ। ਇਸ ਬਾਰੇ ਆਈ ਜੀ ਕੌਸਤੁਭ ਸ਼ਰਮਾ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੇ ਨਿੱਜੀ ਫੇਸਬੁਕ ਅਕਾਊਂਟ ਤੋਂ ਪੋਸਟ ਸ਼ੇਅਰ ਕਰ ਕੇ ਸਭ ਲੋਕਾਂ ਨੂੰ ਸਾਵਧਾਨ ਕੀਤਾ। ਆਪਣੀ ਪੋਸਟ ਵਿੱਚ ਆਈ ਜੀ ਕੌਸਤੁਭ ਸ਼ਰਮਾ ਨੇ ਕਿਹਾ ਕਿ ਕਿਸੇ ਨੇ ਉਨ੍ਹਾਂ ਦੇ ਨਾਂਅ ਉੱਤੇ ਫਰਜ਼ੀ ਆਈ ਡੀ ਬਣਾਈ ਹੈ, ਜਿਸ ਵਿੱਚ ਉਨ੍ਹਾਂ ਦੀ ਫੈਮਿਲੀ ਫੋਟੋ ਦਿਖਾਈ ਦੇ ਰਹੀ ਹੈ। ਕੌਸਤੁਭ ਸ਼ਰਮਾ ਨੇ ਇਸ ਨਾਲ ਅਪੀਲ ਕੀਤੀ ਹੈ ਕਿ ਜੇ ਕੋਈ ਵਿਅਕਤੀ ਉਸ ਆਈ ਡੀ ਤੋਂ ਪੈਸੇ ਮੰਗਦਾ ਹੈ ਤਾਂ ਕ੍ਰਿਪਾ ਕਰ ਕੇ ਉਸ ਨੂੰ ਪੈਸੇ ਨਾ ਭੇਜੋ। ਇਸ ਤੋਂ ਬਾਅਦ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਕਾਨੂੰਨੀ ਕਾਰਵਾਈ ਕਰ ਰਹੇ ਹਨ। ਪੂਰੇ ਮਾਮਲੇ ਵਿੱਚ ਵਿਚਾਰ ਕਰਨ ਦੀ ਗੱਲ ਇਹ ਹੈ ਕਿ ਆਈ ਜੀ ਕੌਸਤੁਭ ਸ਼ਰਮਾ ਦੀ ਪ੍ਰੋਫਾਈਲ ਉੱਤੇ ਉਨ੍ਹਾਂ ਦੀ ਵਰਦੀ ਵਿੱਚ ਵੀ ਫੋਟੋ ਹੈ।




ਜਲੰਧਰ ਦਾ ਸਾਈਬਰ ਕਰਾਈਮ ਵਿਭਾਗ ਆਈ ਜੀ ਰੇਂਜ ਕੌਸਤੁਭ ਸ਼ਰਮਾ ਦੇ ਅੰਡਰ ਹੀ ਹੈ। ਇਸ ਲਈ ਮੰਨਿਆ ਜਾ ਰਿਹਾ ਹੈ ਕਿ ਛੇਤੀ ਇਹ ਸਾਈਬਰ ਠੱਗ ਪੁਲਸ ਦੀ ਗ੍ਰਿਫਤ ਵਿੱਚ ਹੋਣਗੇ।

ਇਹ ਪਹਿਲਾ ਮਾਮਲਾ ਨਹੀਂ, ਜਦੋਂ ਪੁਲਸ ਦੇ ਕਿਸੇ ਵੱਡੇ ਆਦਮੀ ਦੇ ਨਾਂਅ ਉੱਤੇ ਠੱਗਾਂ ਨੇ ਅਜਿਹੀ ਹਰਕਤ ਕੀਤੀ ਹੋਵੇ। ਇਸ ਤੋਂ ਪਹਿਲਾਂ ਸਾਈਬਰ ਠੱਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚੀਫ ਪਾਰਲੀਮੈਂਟਰੀ ਸੈਕਟਰੀ ਸੁਰੇਸ਼ ਕੁਮਾਰ, ਆਈ ਪੀ ਐਸ ਅਫਸਰ ਡਾਕਟਰ ਸਚਿਨ ਗੁਪਤਾ ਤੇ ਬਠਿੰਡਾ ਦੇ ਡਿਪਟੀ ਕਮਿਸ਼ਨਰ ਬੀ ਸ੍ਰੀਨਿਵਾਸਨ ਦੇ ਨਾਂਅ ਉੱਤੇ ਫੇਸਬੁਕ ਆਈ ਡੀ ਬਣਾ ਕੇ ਉਹ ਲੋਕਾਂ ਤੋਂ ਪੈਸੇ ਮੰਗ ਚੁੱਕੇ ਹਨ।

ਇਸ ਕੇਸ ਬਾਰੇ ਆਈ ਜੀ ਜਲੰਧਰ ਰੇਂਜ ਕੌਸਤੁਭ ਸ਼ਰਮਾ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਬੀਤੇ ਸ਼ੁੱਕਰਵਾਰ ਇਸ ਦੀ ਜਾਣਕਾਰੀ ਮਿਲੀ ਕਿ ਕੋਈ ਵਿਅਕਤੀ ਉਨ੍ਹਾਂ ਦੇ ਨਾਂਅ ਨਾਲ ਫੇਸਬੁਕ ਆਈ ਡੀ ਬਣਾ ਕੇ ਲੋਕਾਂ ਤੋਂ ਪੈਸੇ ਮੰਗਦਾ ਹੈ। ਇਸ ਪਿੱਛੋਂ ਉਨ੍ਹਾਂ ਨੇ ਆਪਣੀ ਨਿੱਜੀ ਫੇਸਬੁਕ ਆਈ ਡੀ ਤੋਂ ਪੋਸਟ ਕਰ ਕੇ ਲੋਕਾਂ ਨੂੰ ਸਾਵਧਾਨ ਕੀਤਾ ਸੀ। ਸਾਈਬਰ ਕਰਾਈਮ ਸੈਲ ਮਾਮਲੇ ਵਿੱਚ ਫੇਸਬੁਕ ਆਈ ਡੀ ਦੇ ਆਈ ਪੀ ਐਡਰੈਸ ਨੂੰ ਟ੍ਰੇਸ ਕਰ ਕੇ ਮੁਲਜ਼ਮਾਂ ਤੱਕ ਪਹੁੰਚਣ ਲਈ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਅਜਿਹੇ ਕੇਸਾਂ ਵਿੱਚ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਠੱਗ ਕਿਸੇ ਦੀ ਤਸਵੀਰ ਲਾ ਕੇ ਉਸ ਦੇ ਨਾਂਅ ਤੋਂ ਫੇਸਬੁਕ ਆਈ ਡੀ ਬਣਾਉਂਦੇ ਤੇ ਉਨ੍ਹਾਂ ਦੇ ਦੋਸਤਾਂ ਤੋਂ ਇਲਾਜ ਦੇ ਨਾਂਅ ਉੱਤੇ ਪੈਸੇ ਮੰਗਦੇ ਹਨ। ਇਸ ਦੇ ਲਈ ਠੱਗ ਅਕਸਰ ਕਿਸੇ ਆਨਲਾਈਨ ਬੈਂਕਿੰਗ ਦਾ ਨੰਬਰ ਦਿੰਦੇ ਹਨ। ਅਜਿਹੇ ਕੇਸਾਂ ਦੀ ਜਾਂਚ ਵਿੱਚ ਠੱਗ ਅਕਸਰ ਝਾਰਖੰਡ, ਬਿਹਾਰ, ਆਸਾਮ ਆਦਿ ਥਾਵਾਂ ਦੇ ਹੁੰਦੇ ਹਨ। ਇਸੇ ਕਾਰਨ ਇਨ੍ਹਾਂ ਉੱਤੇ ਸਖਤ ਕਾਰਵਾਈ ਨਹੀਂ ਹੁੰਦੀ।

## ਦੂਸਰੇ ਦਾ ਸੈਂਪਲ ਭੇਜ ਕੇ ਕੋਰੋਨਾ ਦੀ ਫਰਜ਼ੀ ਰਿਪੋਰਟ ਬਣਾਉਂਦੇ ਰਹੇ

ਫਰੀਦਕੋਟ, 23 ਮਈ (ਪੋਸਟ ਬਿਊਰੋ)- ਕੋਰੋਨਾ ਦੀ ਮਨਚਾਹੀ ਰਿਪੋਰਟ ਦਾ ਧੰਦਾ ਅੱਜਕੱਲ੍ਹ ਇਸ ਸ਼ਹਿਰ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਤਿੰਨ ਦਿਨ ਪਹਿਲਾਂ ਇਸ ਮਾਮਲੇ ਵਿੱਚ ਦੋ ਜਣਿਆਂ ਦੇ ਫੜੇ ਜਾਣ ਦੇ ਬਾਵਜੂਦ ਮਨਚਾਹੀ ਰਿਪੋਰਟ ਦੇਣ ਵਾਲੀ ਵੈਬ ਲੈਬ ਨੂੰ ਅਜੇ ਤਕ ਸੀਲ ਨਹੀਂ ਕੀਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਇਹ ਲੈਬ ਅਪ੍ਰੈਲ ਦੇ ਪਹਿਲੇ ਹਫਤੇ ਵਿੱਚ ਖੁੱਲ੍ਹੀ ਸੀ। ਇਨ੍ਹਾਂ ਲੋਕਾਂ ਨੇ ਘੱਟ ਸਮੇਂ ਵਿੱਚ ਜ਼ਿਆਦਾ ਪੈਸੇ ਕਮਾਉਣ ਦੀ ਇੱਛਾ ਵਿੱਚ ਕੈਦੀਤੇ ਵਿਦੇਸ਼ ਜਾਣ ਵਾਲਿਆਂ ਨੂੰ ਆਪਣੇ ਗਾਹਕ ਬਣਾਉਣਾ ਸ਼ੁਰੂ ਕਰ ਦਿਤਾ। ਇਹ ਲੋਕ ਮਨਚਾਹੀ ਰਿਪੋਰਟ ਦੀ ਵੱਡੀ ਕੀਮਤ ਵਸੂਲਦੇ ਸਨ। ਅਖੀਰ ਇਹ ਸੀ ਆਈ ਏ ਸਟਾਫ ਦੇ ਜਾਲ ਵਿੱਚ ਫਸ ਗਏ। ਇਹ ਲੋਕ ਮਨਮਾਫਿਕ ਰਿਪੋਰਟ ਲਈ ਸੈਂਪਲਾਂ ਵਿੱਚ ਹੇਰਾਫੇਰੀ ਕਰਦੇ ਸਨ। ਜਿਵੇਂ ਜੇ ਨੈਗੇਟਿਵ ਰਿਪੋਰਟ ਚਾਹੀਦੀ ਹੈ ਤਾਂ ਲੈਬ ਟੈਕਨੀਸ਼ੀਅਨ ਕਿਸੇ ਅਜਿਹੇ ਵਿਅਕਤੀ ਦਾ ਸੈਂਪਲ ਲੈ ਕੇ ਜਾਂਚ ਲਈ ਭੇਜਦੇ ਸਨ, ਜਿਸ ਨੂੰ ਬਿਮਾਰੀ ਨਾ ਹੋਵੇ। ਸੈਂਪਲ ਦੇ ਨਾਲ ਆਧਾਰ ਕਾਰਡ ਅਤੇ ਮੋਬਾਈਲ ਨੰਬਰ ਉਸ ਵਿਅਕਤੀ ਦਾ ਦਿੰਦੇ ਸਨ, ਜਿਸ ਨੂੰ ਰਿਪੋਰਟ ਦੀ ਲੋੜ ਹੁੰਦੀ ਸੀ। ਅਜਿਹੇ ਵਿੱਚ ਕੋਰੋਨਾ ਇਨਫੈਕਸ਼ਨ ਹੁੰਦੇ ਹੋਏ ਵੀ ਉਸ ਨੂੰ ਮਾਨਤਾ ਪ੍ਰਾਪਤ ਲੈਬ ਦੀ ਨੈਗੇਟਿਵ ਰਿਪੋਰਟ ਮਿਲ ਜਾਂਦੀ ਸੀ। ਇਸੇ ਤਰ੍ਹਾਂ ਉਹ ਕੈਦੀ, ਜੋ ਖੁਦ ਨੂੰ ਕੋਰੋਨਾ ਇਨਫੈਕਟਿਡ ਦੱਸ ਕੇ ਜੇਲ੍ਹ ਵਿੱਚੋਂ ਛੁੱਟੀ ਵਧਾਉਣਾ ਚਾਹੁੰਦੇ ਸਨ, ਉਹ ਪਾਜ਼ੀਟਿਵ ਰਿਪੋਰਟ ਲੈ ਲੈਂਦੇ ਸਨ। ਮਨਚਾਹੀ ਪਾਜ਼ੀਟਿਵ ਅਤੇ ਨੈਗੇਟਿਵ ਲਈ ਪੈਸਾ ਕੋਈ ਫਿਕਸ ਨਹੀਂ ਸੀ, ਜ਼ਰੂਰਤਮੰਦ ਦੀ ਲੋੜ ਦੇਖ ਕੇ ਪੈਸੇ ਲਏ ਜਾਂਦੇ ਸਨ।

## ਜੇਲ੍ਹ ਵਿੱਚ ਬੰਦ ਗੈਂਗਸਟਰ ਦੀ ਸ਼ਹਿ ਉਤੇ 11 ਪਿਸਤੌਲ, 25 ਮੈਗਜ਼ੀਨ ਲਿਆਉਣ ਵਾਲਾ ਕਾਬੂ

ਖੰਨਾ, 23 ਮਈ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੂੰਓਦੋਂ ਵੱਡੀ ਸਫਲਤਾ ਮਿਲੀ ਜਦੋਂ ਖੰਨਾ ਦੀ ਸੀ ਆਈ ਏ ਪੁਲਸ ਨੇ ਇੱਕ ਆਦਮੀ ਨੂੰ 11 ਪਿਸਤੌਲਾਂ, 25 ਮੈਗਜ਼ੀਨਾਂ ਅਤੇ ਤਿੰਨ ਜਿੰਦਾ ਕਾਰਤੂਸਾਂ ਨਾਲ ਫੜ ਲਿਆ।

ਪੁਲਸ ਜ਼ਿਲ੍ਹਾ ਖੰਨਾ ਦੇ ਐਸ ਐਸ ਪੀ ਗੁਰਸ਼ਰਨਦੀਪ ਸਿੰਘ ਗਰੇਵਾਲ ਨੇ ਦੱਸਿਆ ਕਿ ਸੀ ਆਈ ਏ ਖੰਨਾ ਦੇ ਮੁਖੀ ਇੰਸੈਪਕਟਰ ਵਿਨੋਦ ਕੁਮਾਰ ਪੁਲਸ ਪਾਰਟੀ ਨਾਲ ਖੰਨਾ ਦੇ ਸਮਰਾਲਾ ਚੌਕ ਵਿੱਚ ਸੀ ਤਾਂ ਸੂਚਨਾ ਮਿਲੀ ਕਿ ਅਦਿਤਿਆ ਕਪੂਰ ਉਰਫ ਮੱਖਣ ਪੁੱਤਰ ਦਰਸ਼ਨ ਲਾਲ



ਵਾਸੀ ਅੰਮ੍ਰਿਤਸਰ ਜੇਲ੍ਹ ਵਿੱਚ ਬੈਠੇ ਹੀ ਮੋਬਾਈਲ ਫੋਨ ਰਾਹੀਂ ਹਰਪ੍ਰੀਤ ਸਿੰਘ ਵਾਸੀ, ਗੁਰੂ ਹਰ ਸਹਾਏ ਜ਼ਿਲ੍ਹਾ ਫਿਰੋਜ਼ਪੁਰ ਨਾਲ ਸੰਪਰਕ ਕਰ ਕੇ ਬਾਹਰਲੇ ਰਾਜਾਂ ਤੋਂ ਨਾਜਾਇਜ਼ ਅਸਲਾ ਮੰਗਵਾ ਕੇ ਅੱਗੇ ਵੱਖ-ਵੱਖ ਵਿਅਕਤੀਆਂ ਨੂੰ ਸਪਲਾਈ ਕਰਵਾਉਂਦਾ ਹੈ। ਪੁਲਸ ਨੇ ਹਰਪ੍ਰੀਤ ਸਿੰਘ ਉਰਫ ਹੈਪੀ ਨੂੰ ਫੜ ਕੇ ਉਸ ਦੇ ਬੈਗ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ 11 ਨਾਜਾਇਜ਼ ਪਿਸਤੌਲ, 25 ਮੈਗਜ਼ੀਨ ਅਤੇ 03 ਜਿੰਦ ਕਾਰਤੂਸ ਮਿਲੇ। ਗਰੇਵਾਲ ਦੇ ਅਨੁਸਾਰ ਦੋਸ਼ੀ ਹਰਪ੍ਰੀਤ ਸਿੰਘ ਤੋਂ ਮੁੱਢਲੀ ਪੁੱਛਗਿੱਛ ਦੌਰਾਨਪਤਾ ਲੱਗੀਾ ਕਿ ਇਸ ਦੇ ਜੇਲ੍ਹਾਂ ਵਿੱਚ ਬੰਦ ਨਾਮੀ ਗੈਂਗਸਟਰਾਂ ਨਾਲ ਸੰਬੰਧ ਹਨ। ਉਹ ਮੱਧ ਪ੍ਰਦੇਸ਼ ਤੋਂਅਸਲਾਲਿਆਇਆ ਸੀ ਅਤੇ ਕਪੂਰਥਲਾ ਜੇਲ੍ਹ ਵਿੱਚ ਬੰਦ ਅਦਿਤਿਆ ਕਪੂਰ ਉਰਫ ਮੱਖਣ ਦੇ ਕਹਿਣ ਉੱਤੇ ਅੰਮ੍ਰਿਤਸਰ ਦੇ ਇਲਾਕੇ ਵਿੱਚ ਅਪਰਾਧੀਆਂ ਨੂੰ ਸਪਲਾਈ ਕਰਬਾ ਸੀ।

## ਬੈਂਕ ਖਾਤਾ ਹੈਕ ਕਰਾਉਣ ਲਈ ਸਾਫਟਵੇਅਰ ਇੰਜੀਨੀਅਰ ਨੂੰ ਅਗਵਾ ਕਰ ਲਿਆ

ਬਠਿੰਡਾ, 23 ਮਈ (ਪੋਸਟ ਬਿਊਰੋ)- ਕਿਸੇ ਹੋਰ ਦਾ ਬੈਂਕ ਖਾਤਾ ਹੈਕ ਕਰਾ ਕੇ ਲੱਖਾਂ ਰੁਪਏ ਚੋਰੀ ਕਰਨ ਦੀ ਨੀਤ ਨਾਲ ਇੱਕ ਸਾਫਟਵੇਅਰ ਇੰਜੀਨੀਅਰ ਨੂੰ ਅਗਵਾ ਕੀਤਾ ਗਿਆ ਅਤੇ ਗੱਲ ਮੰਨਣ ਤੋਂ ਇਨਕਾਰ ਕਰਨ ਉੱਤੇ ਜਾਨੋਂ ਮਾਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।



ਵਿਭੂ ਕੁਮਾਰ ਵਾਸੀ ਗੰਗਾ ਕਸੇਰਾ ਜ਼ਿਲ੍ਹਾਯਮਨਾਨਗਰ ਹਰਿਆਣਾ ਦੇ ਅਨੁਸਾਰ ਉਹ ਸਾਫਟਵੇਅਰ ਇੰਜੀਨੀਅਰ ਹੈ ਤੇ ਜ਼ੀਰਕਪੁਰ ਵਿਖੇ ਇੱਕ ਮਾਰਕੀਟਿੰਗ ਕੰਪਨੀ ਦੀ ਨੌਕਰੀ ਕਰਦਾ ਹੈ। ਇੱਕ ਜਾਣ ਪਛਾਣ ਵਾਲੇ ਨੇ ਉਸ ਨੂੰ ਮਨਜੀਤ ਕੌਰ ਅਤੇ ਸੰਜੇ ਪੁਰੀ ਵਾਸੀਆਨ ਬਠਿੰਡਾ ਨਾਲ ਮਿਲਵਾਇਆ ਤੇ ਉਸ ਨੂੰ ਇੱਕ ਬੈਂਕ ਖਾਤਾ ਹੈਕ ਕਰ ਕੇ ਮਨਜੀਤ ਕੌਰ ਦੇ ਖਾਤੇ ਵਿੱਚ ਪੈਸੇ ਟਰਾਂਸਫਰ ਕਰਨ ਲਈ ਕਿਹਾ ਸੀ। ਉਹ ਉਸ ਨੂੰ ਪਹਿਲਾਂ ਪਟਿਆਲਾ ਤੇ ਫਿਰ ਬਠਿੰਡਾ ਲੈ ਕੇ ਆਏ। ਉਸ ਨੂੰ ਇੱਥੇ ਇੱਕ ਹੋਟਲ ਵਿੱਚ ਠਹਿਰਾਇਆ ਗਿਆ। ਕੱਲ੍ਹ ਉਕਤ ਵਿਅਕਤੀ ਉਸ ਕੋਲ ਆਏ, ਜਿਨ੍ਹਾਂ ਨਾਲ ਕੁਝ ਅਣਪਛਾਤੇ ਵਿਅਕਤੀ ਸਨ। ਉਸ ਨੂੰ ਕਿਹਾ ਗਿਆ ਕਿ ਕਿਸੇ ਹੋਰ ਦਾ ਖਾਤਾ ਹੈਕ ਕਰ ਕੇ ਸਾਰੇ ਪੈਸੇ ਮਨਜੀਤ ਕੌਰ ਦੇ ਖਾਤੇ ਵਿੱਚ ਪਾ ਦਿੱਤੇ ਜਾਣ, ਪਰ ਇਹ ਖਾਤਾ ਉਨ੍ਹਾਂ ਦਾ ਨਹੀਂ, ਕਿਸੇ ਹੋਰ ਦਾ ਸੀ। ਇਸ ਲਈ ਉਸ ਨੇ ਏਦਾਂ ਕਰਨ ਤੋਂ ਇਨਕਾਰ ਕਰ ਦਿੱਤਾ। ਇਸ ਗੱਲ ਤੋਂ ਮਨਜੀਤ ਕੌਰ, ਸੰਜੇ ਪੁਰੀ ਤੇ ਹੋਰਨਾਂ ਨੇ ਉਸ ਨੂੰ ਅਗਵਾ ਕਰ ਲਿਆ ਅਤੇ ਪਰਸ ਰਾਮ ਨਗਰ ਵਾਲੇ ਓਵਰਬ੍ਰਿਜ ਉੱਤੇ ਲਿਜਾ ਕੇ ਹੇਠਾਂ ਸੁੱਟਣ ਦੀ ਕੋਸ਼ਿਸ਼ ਕੀਤੀ, ਪਰ ਕੋਲੋਂ ਲੰਘਦੇ ਲੋਕਾਂ ਨੇ ਰੌਲਾ ਪਾ ਕੇ ਉਸ ਨੂੰ ਬਚਾ ਲਿਆ। ਲੋਕਾਂ ਨੇ ਪੁਲਸ ਨੂੰ ਸੂਚਿਤ ਕੀਤਾ ਤਾਂ ਦੋਸ਼ੀ ਫਰਾਰ ਹੋ ਗਏ।ਥਾਣਾ ਕੈਨਾਲ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਸੰਜੇ ਪੁਰੀ, ਮਨਜੀਤ ਕੌਰ ਤੇ ਦੋ ਅਣਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਵਰਨਣ ਯੋਗ ਹੈ ਕਿ ਵਿਭੂ ਕੁਮਾਰ ਨੂੰ ਪਤਾ ਸੀ ਕਿ ਉਸ ਨੂੰ ਖਾਤਾ ਹੈਕ ਕਰਨ ਲਈ ਬਠਿੰਡਾ ਲਿਆਂਦਾ ਗਿਆ ਹੈ, ਜੋ ਗੈਰ ਕਾਨੂੰਨੀ ਹੈ। ਲੱਗਦਾ ਹੈ ਕਿ ਇਹ ਲੋਕ ਪਹਿਲਾਂ ਹੀ ਅਜਿਹੀਆਂ ਵਾਰਦਾਤਾਂ ਕਰ ਚੁੱਕੇ ਹਨ।

## 16 ਸਾਲ ਪਹਿਲਾਂ ਮਰੇ ਬੰਦੇ ਨੂੰ ਜ਼ਿੰਦਾ ਦੱਸ ਕੇ ਜ਼ਮੀਨ ਦਾ ਸੌਦਾ ਕਰ ਕੇ 20.50 ਲੱਖ ਰੁਪਏ ਠੱਗੇ

ਜਲੰਧਰ, 23 ਮਈ (ਪੋਸਟ ਬਿਊਰੋ)- 16 ਸਾਲ ਪਹਿਲਾਂ ਮਰ ਚੁੱਕੇ ਵਿਅਕਤੀ ਨੂੰ ਜ਼ਿੰਦਾ ਦੱਸ ਕੇ ਜ਼ਮੀਨ ਦਾ ਸੌਦਾ ਕਰ ਕੇ 20.50 ਲੱਖ ਦੀ ਠੱਗੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਥਾਣਾ ਨਵੀਂ ਬਾਰਾਦਰੀ ਦੀ ਪੁਲਸ ਨੇ ਮਾਡਲ ਹਾਊਸ ਦੇ ਰਾਇਲ ਪੈਲੇਸ ਦੇ ਮਾਲਕ ਆਸ਼ੂ ਵਰਮਾ ਉਰਫ ਆਨੰਦ ਵਰਮਾ, ਪਿੰਡ ਲਾਂਬੜੀ ਦੇ ਦੀਪਕ ਰਜ਼ਾਕ, ਨਿਊ ਅਸ਼ੋਕ ਨਗਰ ਦੇ ਵਿਜੈ ਕੁਮਾਰ, ਰਮੇਸ਼ਵਰ ਕਾਲੋਨੀ ਦੇ ਬਿਜ਼ਨਸਮੈਨ ਨਿਰਮਲ ਸਿੰਘ, ਬਸਤੀ ਸ਼ੇਖ਼ ਦੇ ਗੁਲਾਬੀਆ ਮੁਹੱਲੇ ਦੇ ਦਲਜੀਤ ਸਿੰਘ ਤੇ ਮਕਸੂਦਾਂ ਦੇ ਰੋਹਿਤ ਸਰੋਆ ਨੂੰ ਦੋਸ਼ੀ ਮੰਨਿਆ ਹੈ। ਬੈਂਕ ਕਲੋਨੀ ਦੀ ਰਹਿਣ ਵਾਲੀ ਆਸ਼ਾ ਰਾਣੀ ਪਤਨੀ ਰਵਿੰਦਰ ਕੁਮਾਰ ਨੇ ਸ਼ਿਕਾਇਤ ਦਿੱਤੀ ਸੀ ਕਿ 2018 ਵਿੱਚ ਗਰੋਵਰ ਕਾਲੋਨੀ ਐਕਸਟੈਂਸ਼ਨ ਏਰੀਏ ਵਿੱਚ ਕਰੀਬ 15 ਮਰਲੇ ਜ਼ਮੀਨ ਦਾ ਸੌਦਾ ਕੀਤਾ ਸੀ। ਪਲਾਂਟ ਦੀ ਚਾਰਦੀਵਾਰੀ ਦੇ ਬਾਰੇ ਵਿਵਾਦ ਹੋਇਆ ਤਾਂ ਇੱਕ ਪਲਾਟ ਦੀ ਮਾਲਕਣ ਚੰਦਰ ਕਾਂਤਾ ਸ਼ਰਮਾ ਆ ਗਈ। ਉਨ੍ਹਾਂ ਨਾਲ ਜ਼ਮੀਨ ਦਾ ਸੌਦਾ ਕਰਨ ਵਾਲੇ ਪ੍ਰਬੋਧ ਚੰਦਰ ਸ਼ਰਮਾ ਦੀ 10 ਜੂਨ 2002 ਨੂੰ ਮੌਤ ਹੋ ਚੁੱਕੀ ਸੀ। ਜਾਂਚ ਵਿੱਚ ਇਹ ਗੱਲ ਸਾਹਮਣੇ ਆਈ ਕਿ 16 ਸਾਲ ਪਹਿਲਾਂ ਮਰ ਚੁੱਕੇ ਪ੍ਰਬੋਧ ਨੂੰ ਜ਼ਿੰਦਾ ਕਰਨ ਲਈ ਉਨ੍ਹਾਂ ਦੇ ਨਾਂਅ ਉੱਤੇ ਫਰਜ਼ੀ ਆਧਾਰ ਕਾਰਡ ਬਣਾ ਕੇ ਨਿਰਮਲ ਨੂੰ ਪ੍ਰਬੋਧ ਬਣਾਇਆ ਗਿਆ ਸੀ। ਕਾਨੂੰਨੀ ਪੰਗੇ ਤੋਂ ਬਚਣ ਦੇ ਲਈ ਜ਼ਮੀਨ ਦਾ ਐਗਰੀਮੈਂਟ ਪ੍ਰਬੋਧ ਦੀ ਪਤਨੀ ਦੇ ਨਾਂਅ ਉੱਤੇ ਕਰਵਾ ਦਿੱਤਾ, ਪਰ ਆਸ਼ਾ ਰਾਣੀ ਨਾਲ ਦੋਸ਼ੀ 20.60 ਲੱਖ ਦੀ ਠੱਗੀ ਕਰ ਚੁੱਕੇ ਸਨ। ਆਸ਼ਾ ਰਾਣੀ ਨੇ ਦੋਸ਼ ਲਾਇਆ ਕਿ ਸਾਰੇ ਠੱਗੀ ਕਾਂਡ ਦਾ ਸਾਜ਼ਿਸ਼ਕਰਤਾ ਆਸ਼ੂ ਵਰਮਾ ਹੀ ਹੈ, ਜਿਸ ਨੇ ਸਾਜ਼ਿਸ਼ ਤਹਿਤ ਆਪਣੇ ਸਾਥੀਆਂ ਨਾਲ ਮਿਲ ਕੇ ਠੱਗੀ ਕੀਤੀ ਹੈ। ਜਾਂਚ ਦੇ ਬਾਅਦ ਆਸ਼ੂ ਵਰਮਾ ਸਮੇਤ ਸੱਤ ਜਣਿਆਂ ਉੱਤੇ ਕੇਸ ਦਰਜ ਕੀਤਾ ਗਿਆ ਹੈ।

## ਪਤਨੀ ਨੂੰ ਤਲਾਕ ਬਿਨਾਂ ਦੂਜਾ ਵਿਆਹ ਕੀਤਾ ਅਤੇ 50000 ਵੀ ਠੱਗੇ

ਮਕਸੂਦਾਂ, 23 ਮਈ (ਪੋਸਟ ਬਿਊਰੋ)- ਥਾਣਾ ਇੱਕ ਦੀ ਪੁਲਸ ਨੇ ਆਪਣੀ ਪਤਨੀ ਨੂੰ ਤਲਾਕ ਦਿੱਤੇ ਬਿਨਾਂ ਦੂਜਾ ਵਿਆਹ ਕਰਨ ਅਤੇ ਉਸ ਤੋਂ ਧੋਖੇ ਨਾਲ ਪੰਜਾਹ ਹਜ਼ਾਰ ਰੁਪਏ ਠੱਗਣ ਦੇ ਮਾਮਲੇਵਿੱਚ ਔਰਤ ਦੀ ਸ਼ਿਕਾਇਤ ਉੱਤੇ ਉਸ ਦੇ ਪਤੀ ਅਤੇ ਦੂਜੀ ਪਤਨੀ ਖਿਲਾਫ ਮਾਮਲਾ ਦਰਜ ਕੀਤਾ ਹੈ।

ਪੀੜਤ ਅਮਰਜੀਤ ਕੌਰ ਪਤਨੀ ਪਰਮਿੰਦਰ ਸਿੰਘ ਵਾਸੀ ਸ਼ਾਂਤੀ ਵਿਹਾਰ ਮਕਸੂਦਾਂ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਵਿਆਹ ਪਰਮਿੰਦਰ ਸਿੰਘ ਪੁੱਤਰ ਗੁਰਦੇਵ ਸਿੰਘ ਵਾਸੀ ਸ਼ਾਂਤੀ ਵਿਹਾਰ ਨਾਲ 7 ਨਵੰਬਰ 2010 ਨੂੰ ਹੋਇਆ ਸੀ ਅਤੇ ਉਨ੍ਹਾਂ ਦੀ ਇੱਕ ਸਾਢੇ ਸੱਤ ਸਾਲ ਦੀ ਬੇਟੀ ਸੁਖਮਨਪ੍ਰੀਤ ਕੌਰ ਹੈ। ਪਰਮਿੰ-




ਦਰ ਸਿੰਘ ਸਤੰਬਰ 2016 ਵਿੱਚ ਇਟਲੀ ਚਲਾ ਗਿਆ, ਪਰ ਉਸ ਦੇ ਸੰਪਰਕ ਵਿੱਚ ਸੀ। ਨਵੰਬਰ 2020 ਵਿੱਚ ਪਰਮਿੰਦਰ ਨੇ ਕਿਹਾ ਸੀ ਕਿ ਉਹ ਇੰਡੀਆ ਆ ਰਿਹਾ ਹੈ ਅਤੇ 18 ਜੁਲਾਈ 2020 ਨੂੰ ਉਸ ਨੇ ਫੋਨ ਕਰ ਕੇ ਕਿਹਾ ਕਿ ਉਹ ਇਟਲੀ ਵਿੱਚ ਪੱਕਾ ਹੋ ਗਿਆ ਹੈ ਤੇ ਮੈਨੂੰ ਵੀ ਬਾਹਰ ਇਟਲੀ ਬੁਲਾ ਰਿਹਾ ਹੈ ਤੇ ਇਸ ਬਾਰੇ ਉਸ ਨੇ ਸੋਨਿਕਾ ਦਲਾਲ ਪੁੱਤਰੀ ਧਰਮਪਾਲ ਵਾਸੀ ਸ਼ੀਸ਼ਪਾਲ ਵਿਹਾਰ ਸੈਕਟਰ 49 ਗੁੜਗਾਓਂ ਨਾਲ ਗੱਲ ਕੀਤੀ ਹੈ, ਜੋ ਵਿਦੇਸ਼ ਭੇਜਣ ਦਾ ਕੰਮ ਕਰਦੀ ਹੈ। ਪਰਮਿੰਦਰ ਨੇ ਮੈਨੂੰ ਪੰਜਾਹ ਹਜ਼ਾਰ ਰੁਪਏ ਸੋਨਿਕਾ ਦਲਾਲ ਦੇ ਅਕਾਊਂਟ ਵਿੱਚ ਜਮ੍ਹਾਂ ਕਰਵਾਉਣ ਲਈ ਕਿਹਾ ਤਾਂ ਮੈਂ ਜਮ੍ਹਾਂ ਕਰਾ ਦਿੱਤੇ। ਸੋਨਿਕਾ ਨੇ ਕਿਹਾ ਕਿ ਉਹ ਪਰਮਿੰਦਰ ਨਾਲ ਗੱਲ ਕਰ ਕੇ ਜਲਦੀ ਹੀ ਫਾਈਲ ਤਿਆਰ ਕਰਵਾ ਕੇ ਦੱਸੇਗੀ, ਪਰ ਕਾਫੀ ਸਮਾਂ ਬੀਤਣ ਉੱਤੇ ਵੀ ਸੋਨਿਕਾ ਨੇ ਕੋਈ ਮੈਸੇਜ ਜਾਂ ਫੋਨ ਨਹੀਂ ਕੀਤਾ ਅਤੇ ਮੇਰਾ ਫੋਨ ਵੀ ਨਹੀਂ ਚੁੱਕਿਆ। ਪਰਮਿੰਦਰ ਨੇ ਵੀ ਸਹੀ ਢੰਗ ਨਾਲ ਗੱਲ ਕਰਨੀ ਛੱਡ ਦਿੱਤੀ ਅਤੇ ਫਿਰ ਗੱਲਬਾਤ ਬੰਦ ਕਰ ਦਿੱਤੀ। ਇੱਕ ਦਸੰਬਰ ਨੂੰ ਸੋਨਿਕਾ ਦਲਾਲ ਦੇ ਫੇਸਬੁਕ ਪੇਜ ਤੋਂ ਉਸ ਨੂੰ ਪਤਾ ਲੱਗਾਕਿ ਪਰਮਿੰਦਰ ਇੰਡੀਆ ਆ ਚੁੱਕਾ ਹੈ ਅਤੇ ਉਸ ਨੇ ਸੋਨਿਕਾ ਦਲਾਲ ਨਾਲ ਵਿਆਹ ਕਰ ਲਿਆ ਹੈ। ਉਹ ਸੋਨਿਕਾ ਦੇ ਘਰ ਪੁੱਜੀ ਤਾਂ ਉਸ ਦੀ ਮਾਂ ਨੇ ਦੱਸਿਆ ਕਿ ਸੋਨਿਕਾ ਨੇ ਪਰਮਿੰਦਰ ਨਾਲ ਵਿਆਹ ਕਰ ਲਿਆ ਹੈ, ਪਰ ਉਹ ਕਿੱਥੇ ਹਨ, ਇਸ ਦਾ ਉਸ ਨੂੰ ਨਹੀਂ ਪਤਾ। ਪੁਲਸ ਨੇ ਕੇਸ ਦਰਜ ਕਰ ਕੇ ਪਰਮਿੰਦਰ ਅਤੇ ਸੋਨਿਕਾ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

**ਵਰਕਰ ਦੀ ਲੋੜ**

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਵਰਕਰ ਦੀ ਜ਼ਰੂਰਤ ਹੈ Dundas ਅਤੇ Hwy 27 ਦਾ ਏਰੀਆ, $16/hr ਦਿੱਤੇ ਜਾਣਗੇ, Full Time/Part Time ਕੰਮ।

**ਸੰਪਰਕ: 416-816-1695**

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੇ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜ਼ਰ ਹਾਂ।


If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

# ਤਖਤ ਸ੍ਰੀ ਹਜ਼ੂਰ ਸਾਹਿਬ ਮੈਡੀਕਲ ਕਾਲਜ ਤੇ ਹਸਪਤਾਲ ਬਣਵਾਉਣਾ ਚਾਹੁੰਦੈ

ਨਾਂਦੇੜ, ਮਹਾਰਾਸ਼ਟਰ, 23 ਮਈ (ਪੋਸਟ ਬਿਊਰੋ)- ਸਿੱਖਾਂ ਦੇ ਪੰਜਵੇਂ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਪਿਛਲੇ ਪੰਜਾਹ ਸਾਲਾਂ ਤੋਂ ਚੜ੍ਹਾਵੇ ਦੇ ਰੂਪ ਵਿੱਚ ਆਏ ਸੋਨੇ ਦੀ ਵਰਤੋਂ ਨੂੰ ਸਮਾਜ ਦੇ ਸਿਹਤ ਕਾਰਜਾਂ ਵਿੱਚ ਲਾਉਣਾ ਚਾਹੁੰਦਾ ਹੈ। ਇਸ ਸੋਨੇ ਦੀ ਵਰਤੋਂ ਕਰ ਕੇ ਇੱਥੇ ਮੈਡੀਕਲ ਕਾਲਜ ਤੇ ਹਸਪਤਾਲ ਬਣਾਉਣ ਦਾ ਵਿਚਾਰ ਹੈ, ਪਰ ਸਾਲ ਤੋਂ ਕੋਰੋਨਾ ਦੇ ਕਾਰਨ ਬੋਰਡ ਦੀ ਬੈਠਕ ਨਾ ਹੋਣ ਕਰਨ ਇਹ ਕਾਰਜ ਸਿਰੇ ਨਹੀਂ ਚੜ੍ਹ ਰਿਹਾ।



ਵਰਨਣ ਯੋਗ ਹੈ ਕਿ ਤਖਤ ਸ੍ਰੀ ਹਜ਼ੂਰ ਸਾਹਿਬ ਕੋਲ ਇਸ ਸਮੇਂ ਕਰੀਬ ਪੰਜਾਹ ਕਿਲੋ ਸੋਨਾ ਹੈ। ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਵੰਤ ਸਿੰਘ, ਜਿਹੜੇ ਪਿਛਲੇ ਸਾਲ ਅਗਸਤ ਵਿੱਚ ਬਿਮਾਰ ਹੋ ਗਏ ਸਨ, ਨੂੰ ਇਲਾਜ ਲਈ ਪਹਿਲਾਂ ਔਰੰਗਾਬਾਦ ਤੇ ਫਿਰ ਮੁੰਬਈ ਦੇ ਨਾਨਾਵਤੀ ਹਸਪਤਾਲ ਦਾਖਲ ਕਰਾਉਣਾ ਪਿਆ ਸੀ। ਜਦੋਂ ਉਹ ਸਿਹਤਯਾਬ ਹੋ ਕੇ ਪਰਤੇ ਤਾਂ ਉਨ੍ਹਾਂ ਕਿਹਾ ਕਿ ਨਾਂਦੇੜ ਵਿੱਚ ਇੱਕ ਵੱਡਾ ਮੈਡੀਕਲ ਕਾਲਜ ਤੇ ਹਸਪਤਾਲ ਬਣਾਇਆ ਜਾਵੇ ਤੇ ਤਖਤ ਸਾਹਿਬ ਉੱਤੇ ਸੰਗਤ ਨੇ ਜਿਹੜਾ ਸੋਨਾ ਭੇਟ ਕੀਤਾ ਹੈ, ਉਸ ਨੂੰ ਮੈਡੀਕਲ ਕਾਲਜ ਤੇ ਹਸਪਤਾਲ ਬਣਾਉਣ ਉੱਤੇ ਖਰਚਿਆ ਜਾਵੇ। ਬੋਰਡ ਦੇ ਚੇਅਰਮੈਨ ਭੁਪਿੰਦਰ ਸਿੰਘ ਮਿਨ-ਹਾਸ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਇਹ ਬੋਰਡ ਦੇ ਵਿਚਾਰ ਅਧੀਨ ਹੈ, ਪਰ ਕਿਉਂਕਿ ਕੋਰੋਨਾ ਕਾਰਨ ਬੋਰਡ ਦੀ ਬੈਠਕ ਨਹੀਂ ਹੋ ਰਹੀ, ਇਸ ਲਈ ਇਸ ਉੱਤੇ ਫੈਸਲਾ ਨਹੀਂ ਹੋ ਰਿਹਾ।ਉਨ੍ਹਾਂ ਨੇ ਕਿਹਾ ਕਿ ਜਦੋਂ ਤੋਂ ਬੋਰਡ ਦੇ ਫੈਸਲਿਆਂ ਵਿੱਚ ਸੂਬਾ ਸਰਕਾਰ ਦਾ ਦਖਲ ਵਧਿਆ ਹੈ, ਸਾਨੂੰ ਏਦਾਂ ਦੇ ਫੈਸਲੇ ਲੈਣ ਵਿੱਚ ਔਖ ਹੋ ਰਹੀ ਹੈ। ਉਨ੍ਹਾਂ ਕਿਹਾ ਕਿ ਬੋਰਡ ਕੋਲ ਥਾਂ ਦੀ ਘਾਟ ਨਹੀਂ, ਅਸੀਂ ਪਹਿਲਾਂ ਵੀ ਇੱਕ ਛੋਟਾ ਹਸਪਤਾਲ ਚਲਾ ਰਹੇ ਹਾਂ। ਅਸੀਂ ਸਮਝਦੇ ਹਾਂ ਕਿ ਇੱਥੇ ਸਿੱਖ ਭਾਈਚਾਰੇ ਦੇ ਬੱਚਿਆਂ ਨੂੰ ਬਿਹਤਰ ਭਵਿੱਖ ਲਈ ਮੈਡੀਕਲ ਕਾਲਜ ਦੀ ਲੋੜ ਹੈ ਅਤੇ ਹਸਪਤਾਲ ਆਮ ਲੋਕਾਂ ਦੀ ਸਿਹਤ ਲਈ ਕੰਮ ਆਵੇ। ਮੈਡੀਕਲ ਕਾਲਜ ਉੱਤੇ ਲਗਭਗ 26 ਤੋਂ ਤੀਹ ਕਰੋੜ ਰੁਪਏ ਖਰਚ ਆਉਣ ਦਾ ਅਨੁਮਾਨ ਹੈ। ਤਖਤ ਸਾਹਿਬ ਦੇ ਕੁੱਲ ਪੰਜਾਹ ਕਿਲੋ ਸੋਨੇ ਦੀ ਕੀਮਤ 25 ਕਰੋੜ ਰੁਪਏ ਹੈ, ਇਸ ਤੋਂ ਇਲਾਵਾ ਹੋਰ ਵਸੀਲਿਆਂ ਤੋਂ ਜਮ੍ਹਾਂ ਪੂੰਜੀ ਨੂੰ ਵੀ ਮੈਡੀਕਲ ਕਾਲਜ ਤੇ ਹਸਪਤਾਲ ਵਿੱਚ ਲਗਾਉਣ ਦੀ ਯੋਜਨਾ ਹੈ।

# ਦੁਬਈ ਵਿਖੇ ਭਾਰਤੀ ਮੁੱਕੇਬਾਜ਼ਾਂ ਦੀ ਉਡਾਣ 45 ਮਿੰਟ ਨਹੀਂ ਲੈਂਡ ਕਰ ਸਕੀ

### * ਤੇਲ ਮੁੱਕਣ ਦੀ ਚਿਤਾਵਨੀ ਮਗਰੋਂ ਉਤਰਿਆ ਜਹਾਜ਼

ਨਵੀਂ ਦਿੱਲੀ, 23 ਮਈ (ਪੋਸਟ ਬਿਊਰੋ)- ਦਿੱਲੀ ਤੋਂ ਮੁੱਕੇਬਾਜ਼ ਐਮ ਸੀ ਮੈਰੀਕਾਮ ਤੇ ਭਾਰਤੀ ਮੁੱਕੇਬਾਜ਼ੀ ਟੀਮ ਦੇ ਤੀਹ ਹੋਰ ਖਿਡਾਰੀਆਂ ਨੂੰ ਲੈ ਕੇ ਉਡੀ ਸਪਾਈਸਜੈਟ ਦੀ ਉਡਾਣ ਨੂੰ ਕੱਲ੍ਹ ਸਵੇਰੇ ਕਰੀਬ 45 ਮਿੰਟ ਦੁਬਈ ਉਪਰ ਗੇੜੇ ਲਾਉਣ ਲਈ ਮਜਬੂਰ ਕੀਤਾ ਗਿਆ ਤੇ ਪਾਇਲਟ ਵੱਲੋਂ ਫਿਊਲ ਐਮਰਜੈਂਸੀ ਐਲਾਨਣ ਤੋਂ ਬਾਅਦ ਇਸ ਨੂੰ ਦੁਬਈ ਹਵਾਈ ਅੱਡੇ ਉਤੇ ਉਤਰਨ ਦੀ ਪ੍ਰਵਾਨਗੀ ਮਿਲੀ। ਡੀ ਜੀ ਸੀ ਏ ਨੇ ਮਾਮਲੇ ਦੀ ਜਾਂਚ ਦੇ ਹੁਕਮ ਦਿੱਤੇ ਹਨ।



ਜਾਣਕਾਰ ਸੂਤਰਾਂ ਦਾ ਕਹਿਣਾ ਹੈ ਕਿ ਕੋਵਿਡ ਦੀਆਂ ਪਾਬੰਦੀਆਂ ਕਾਰਨ ਸਪਾਈਸਜੈਟ ਨੂੰ ਯੂ ਏ ਈ ਸਰਕਾਰ ਨੇ ਵਿਸ਼ੇਸ਼ ਮਨਜ਼ੂਰੀ ਦਿੱਤੀ ਸੀ ਅਤੇ ਇਹ ਉਡਾਣ ਭਾਰਤੀ ਮੁੱਕੇਬਾਜ਼ਾਂ ਨੂੰ ਏਸ਼ੀਅਨ ਚੈਂਪੀਅਨਸ਼ਿਪ ਲਈ ਦੁਬਈ ਲੈ ਕੇ ਗਈ ਸੀ। ਇਹ ਮੁਕਾਬਲਾ 24 ਮਈ ਤੋਂ ਪਹਿਲੀ ਜੂਨ ਤੱਕ ਹੋਣਾ ਸੀ। ਜਦੋਂ ਜਹਾਜ਼ ਦੁਬਈ ਦੀ ਏਅਰਸਪੇਸ ਵਿੱਚ ਦਾਖਲ ਹੋਇਆ ਤਾਂ ਦੁਬਈ ਹਵਾਈ ਅੱਡੇ ਦਾ ਏਅਰ ਟਰੈਫਿਕ ਕੰਟਰੋਲ ਉਲਝਣ ਵਿੱਚ ਪੈ ਗਿਆ ਕਿ ਇਹ ਜਹਾਜ਼ ਲੈਂਡ ਕਰਨ ਦਿੱਤਾ ਜਾਵੇ ਜਾਂ ਨਹੀਂ।ਇਸ ਤੋਂ ਬਾਅਦ ਜਹਾਜ਼ 45 ਮਿੰਟ ਹਵਾ ਵਿੱਚ ਰਿਹਾ ਤੇ ਤੇਲ ਮੁੱਕਣ ਦੀ ਚਿਤਾਵਨੀ ਦੇਣ ਉੱਤੇ ਇਸ ਨੂੰ ਉਤਰਨ ਦੀ ਮਨਜ਼ੂਰੀ ਦਿੱਤੀ ਗਈ। ਵਰਨਣ ਯੋਗ ਹੈ ਕਿ 25 ਅਪ੍ਰੈਲ ਤੋਂ ਯੂ ਏ ਈ ਨੇ ਭਾਰਤ ਤੋਂ ਆਉਣ ਵਾਲੇ ਸਾਰੇ ਯਾਤਰੀਆਂ ਉੱਤੇ ਪਾਬੰਦੀ ਲਗਾਈ ਹੋਈ ਹੈ। ਸਿਰਫ ਯੂ ਏ ਈ ਦੇ ਨਾਗਰਿਕਾਂ, ਕੂਟਨੀਤਕ ਪਾਸਪੋਰਟ ਧਾਰਕਾਂ ਅਤੇ ਸਰਕਾਰੀ ਵਫਦਾਂ ਨੂੰ ਯੂ ਏ ਈ ਵਿੱਚ ਦਾਖਲ ਹੋਣ ਦੀ ਖੁੱਲ੍ਹ ਹੈ। ਸਪਾਈਸਜੈਟ ਨੇ ਦੱਸਿਆ ਕਿ ਸਾਰੇ ਯਾਤਰੀ ਸੁਰੱਖਿਅਤ ਪਹੁੰਚ ਗਏ ਹਨ ਤੇ ਇਮੀਗਰੇਸ਼ਨ ਕਲੀਅਰ ਹੋ ਗਈ ਹੈ।

# ਮਾਹਰ ਕਹਿੰਦੇ ਨੇ: ਮਿੱਟੀ ਤੇ ਸੜੀਆਂ ਚੀਜ਼ਾਂ ਤੋਂ ਹੁੰਦੀ ਹੈ ਬਲੈਕ ਫੰਗਸ

ਪਟਨਾ, 23 ਮਈ (ਪੋਸਟ ਬਿਊਰੋ)- ਕੋਰੋਨਾ ਇਨਫੈਕਸ਼ਨ ਨਾਲ ਬਲੈਕ ਫੰਗਸ ਦੀ ਚਰਚਾ ਆਮ ਲੋਕਾਂ ਨੂੰ ਡਰਾਉਣ ਲੱਗੀ ਹੈ। ਲੋਕ ਬਲੈਕ ਫੰਗਸ ਬਾਰੇ ਜ਼ਿਆਦਾ ਜਾਨਣਾ ਚਾਹੁੰਦੇ ਹਨ। ਬਿਹਾਰ ਵਿੱਚ ਅਜੇ ਤੱਕ ਬਲੈਕ ਫੰਗਸ ਦੇ 50 ਤੋਂ ਵੱਧ ਇਸ ਦੇ ਮਰੀਜ਼ ਮਿਲ ਚੁੱਕੇ ਹਨ, ਜਿਨ੍ਹਾਂ ਵਿੱਚੋਂ ਕਈ ਠੀਕ ਵੀ ਹੋ ਗਏ ਹਨ।



ਇਸ ਦੌਰਾਨ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ (ਏਮਜ਼) ਪਟਨਾ ਦੇ ਡਿਪਟੀ ਮੈਡੀਕਲ ਸੁਪਰਡੈਂਟ ਡਾਕਟਰ ਅਨਿਲ ਕੁਮਾਰ ਨੇ ਕਿਹਾ ਹੈ ਕਿ ਬਲੈਕ ਫੰਗਸ ਕੋਈ ਨਵੀਂ ਬਿਮਾਰੀ ਨਹੀਂ, ਪਹਿਲਾਂ ਵੀ ਇਹ ਸੀ। ਉਨ੍ਹਾਂ ਕਿਹਾ ਕਿ ਇਸ ਤੋਂ ਡਰਨ ਦੀ ਨਹੀਂ, ਸੁਚੇਤ ਅਤੇ ਜਾਗਰੂਕ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਘੱਟ ਇਮਿਊਨਿਟੀ ਵਾਲੇ ਲੋਕਾਂ ਨੂੰ ਮਿੱਟੀ ਤੋਂ ਵੀ ਬਲੈਕ ਫੰਗਸ ਦੀ ਇਫੈਕਸ਼ਨ ਹੋ ਸਕਦੀ ਹੈ। ਮਿੱਟੀ, ਨਮੀ ਵਾਲੇ ਸਥਾਨ, ਸੜੀਆਂ ਚੀਜ਼ਾਂ ਵੀ ਘੱਟ ਰੋਗ ਵਿਰੋਧੀ ਸਮਰੱਥਾ ਵਾਲੇ ਲੋਕਾਂ ਦੇ ਲਈ ਬਲੈਕ ਫੰਗਸ ਦਾ ਕਾਰਨ ਹੋ ਸਕਦੀਆਂ ਹਨ। ਡਾਕਟਰ ਅਨਿਲ ਕਹਿੰਦੇ ਹਨ ਕਿ 'ਇਹ ਫੰਗਸ ਪਹਿਲਾਂ ਵੀ ਸੀ, ਪਰ ਕੋਰੋਨਾ ਕਾਰਨ ਵੱਧ ਪ੍ਰਚੱਲਤ ਹੋਈ ਹੈ, ਕਿਉਂਕਿ ਜ਼ਿਆਦਾ ਸਟੇਰਾਈਡਸ ਦੀ ਦਵਾ ਅੰਦਰ ਚਲੀ ਗਈ ਹੈ।'ਉਨ੍ਹਾਂ ਕਿਹਾ ਕਿ ਆਕਸੀਜਨ ਦੇਣ ਦੇ ਸਮੇਂ ਸਾਵਧਾਨੀ ਨਹੀਂ ਵਰਤੀ ਗਈ। ਡਾਕਟਰ ਅਨਿਲ ਕਹਿੰਦੇ ਹਨ ਕਿ ਆਕਸੀਜਨ ਸਿਲੰਡਰ ਦੀ ਪਾਈਪ ਮਾਸਕ ਅਤੇ ਹਿਊਮਿਡ ਫਾਇਰ ਦਾ ਪਾਣੀ ਹਰ 24 ਘੰਟੇ ਵਿੱਚ ਬਦਲਿਆ ਜਾਣਾ ਚਾਹੀਦਾ ਹੈ। ਉਨ੍ਹਾ ਦਾ ਮੰਨਣਾ ਹੈ ਕਿ ਕੋਰੋਨਾ ਦੇ ਡਰ ਕਾਰਨ ਬਿਨਾਂ ਡਾਕਟਰੀ ਸਲਾਹ ਦੇ ਸਟੇਰਾਈਡ ਲੈਣਾ ਬਲੈਕ ਫੰਗਸ ਦਾ ਕਾਰਨ ਬਣ ਸਕਦਾ ਹੈ। ਕੋਰੋਨਾ ਕਾਰਨ ਇਨਫੈਕਸ਼ਨ ਦੇ ਨਾਲ ਅਚਾਨਕ ਅਜਿਹੇ ਕੇਸ ਵਧੇ ਹਨ। ਇਸ ਵਿੱਚ ਸ਼ੂਗਰ ਹਾਈ ਹੋਣਾ, ਸਟੇਰਾਈਡ ਦਾ ਹਾਈਡੋਜ਼ ਲੈਣ, ਬਿਨਾਂ ਐਕਸਪਰਟ ਦੀ ਨਿਗਰਾਨੀ ਦੇ ਡੇਕਸੋਨਾ ਜਿਵੇਂ ਸਟੇਰਾਈਡ ਦੀ ਹਾਈ ਡੋਜ਼ ਲੈਣਾ ਵੱਡਾ ਕਰਨ ਬਣ ਸਕਦਾ ਹੈ।

ਡਾਕਟਰ ਅਨਿਲ ਨੇ ਕਿਹਾ ਕਿ ਬਲੈਕ ਫੰਗਸ ਨੱਕ, ਮੂੰਹ ਤੋਂ ਦਾਖਲ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਨਹੀਂ ਕਿ ਬਲੈਕ ਫੰਗਸ ਤੁਰੰਤ ਜਾਨਲੇਵਾ ਹੈ। ਫੰਗਸ ਨੱਕ, ਅੱਖ ਤੋਂ ਹੁੰਦੇ ਹੋਏ ਇਹ ਬ੍ਰੇਨ ਵਿੱਚ ਜਾਂਦਾ ਹੈ, ਤਦ ਇਹ ਕਿਸੇ ਵੀ ਵਿਅਕਤੀ ਦੇ ਲਈ ਖਤਰਨਾਕ ਹੋ ਸਕਦਾ ਹੈ। ਇਸ ਫੰਗਸ ਦੀ ਜੇ ਪਹਿਲੇ ਪੜਾਅ ਵਿੱਚ ਯਾਨੀ ਨੱਕ ਵਿੱਚ ਪਛਾਣ ਹੋ ਜਾਏ ਤਾਂ ਇਸ ਦਾ ਇਲਾਜ ਆਸਾਨ ਹੈ। ਉਨ੍ਹਾਂ ਨੇ ਕਿਹਾ ਕਿ ਇਸ ਦੇ ਲਈ ਵੀ ਮਾਸਕ ਪਹਿਨਣਾ ਜ਼ਰੂਰੀ ਹੈ।


Century 21

President Realty Inc
Brokerage*
Independently Owned and Operated.



ਓਂਟਾਰੀਓ ਦੇ ਕਿਸੇ ਵੀ ਸ਼ਹਿਰ ਵਿਚ ਪ੍ਰਾਪਰਟੀ ਖਰੀਦਣ ਲਈ ਕਾਲ ਕਰੋ

Jagdish Grewal
Sales Repersentative

Call Now: (416)-970-5005



Sandalwood & Kennedy
ਬਹੁਤ ਹੀ ਖੂਬਸੂਰਤ detached ਘਰ 3 ਬੈੱਡਰੂਮ, 1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ , ਸਕੂਲ, ਪਬਲਿਕ ਬੱਸ ਸਰਵਿਸ ਅਤੇ ਪਲਾਜ਼ਾ ਦੇ ਨੇੜੇ!



Bramalea & Peter Robertson
3 ਬੈੱਡਰੂਮ semi-detached ਘਰ ਦੇ ਵਿਚਕਾਰ ਬਿਲਟ ਇਨ ਕਿਚਨ ,ਗਰੇਨਾਇਟ ਕਾਉਂਟਰ, ਵੂਲਫ ਗੈਸ ਸਟੋਵ, ਬਹੁਤ ਹੀ ਸੁੰਦਰ ਗਾਰਡਨ ਅਤੇ ਬੈਕਯਾਰਡ ਏਰੀਆ ਪ੍ਰਾਈਮ ਲੋਕੇਸ਼ਨ, ਪਬਲਿਕ ਬੱਸ ਸਰਵਿਸ, ਹਸਪਤਾਲ, ਸਕੂਲ ਅਤੇ ਪਲਾਜ਼ਾ ਦੇ ਨੇੜੇ.



Bovaird & Royal Orchard
3 ਬੈੱਡਰੂਮ ਟਾਊਨ ਹਾਊਸ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਪਹਿਲੀ ਵਾਰ ਘਰ ਖਰੀਦਣ ਵਾਲਿਆ ਲਈ ਵਧੀਆ ਮੌਕਾ



Bovaird & Bramlea Rd
3 +1 ਬੈੱਡਰੂਮ ਘਰ ਵੱਖਰੀ ਐਂਟਰੈਸ ਵਾਲੀ ਬਣੀ ਹੋਈ ਬੇਸਮੈਂਟ,ਵਾਕਆਊਟ ਵੱਡਾ ਯਾਰਡ ,ਨਵੀ ਕਿਚਨ,ਪੋਟ ਲਾਈਟਾਂ,ਫਾਈਰ ਪਲੇਸ



Bovaird & Worthington
4 ਬੈੱਡਰੂਮ, ਡੀਟੈਚਡ ਘਰ ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਲੈਮੀਨੇਟ ਫਲੋਰ,ਲੈਂਡਸਕੇਪ ਤੇ ਹਜ਼ਾਰਾਂ ਡਾਲਰ ਖਰਚ ਕੀਤੇ ਹੋਏ ,ਗਰੇਨਾਇਟ ਕਾਊਂਟਰ,ਪੋਟ ਲਾਈਟਾਂ,ਅੱਪਗਰੇਡ ਹਾਰਡਵੁਡ



Pertosa & WillamsParkway
4 +2 ਬੈੱਡਰੂਮ ਡੀਟੈਚਡ ਘਰ ,ਵੱਖਰੇ ਲਿਵਿੰਗ ਤੇ ਫੈਮਿਲੀ ਰੂਮ, ਫਿਨਿਸ਼ੇਡ ਬੇਸਮੈਂਟ,ਵੱਡਾ ਡ੍ਰਾਈਵੇ,ਪ੍ਰਾਈਮ ਲੋਕੇਸ਼ਨ ਅਤੇ ਪਲਾਜ਼ਾ ਦੇ ਨੇੜੇ



Gore & Cotrelle
3 ਬੈੱਡਰੂਮ, ਡੀਟੈਚਡ ਘਰ , 2000 sq.ft ,1 ਬੈੱਡਰੂਮ ਦੀ ਫਿਨਿਸ਼ੇਡ ਬੇਸਮੈਂਟ ,ਵੱਡਾ ਡੇਕ,ਕਾਫੀ ਅਪਗ੍ਰੇਡ ਕੀਤਾ ਮੋਡਰਨ ਕਿਚਨ ,ਪਾਰਕਿੰਗ ਲਈ ਖੁੱਲਾ ਗੈਰਾਜ



Bovaird & Hwy 410
4 ਬੈੱਡਰੂਮ ਡੀਟੈਚਡ ਘਰ, ਪਬਲਿਕ ਬੱਸ ਸਰਵਿਸ,ਸਕੂਲ,ਪਲਾਜ਼ਾ, 410/407 ਹਾਈਵੇ ਨੇੜੇ, ਅਪਗ੍ਰੇਡ ਕੀਤਾ ਮੌਡਰਨ ਕਿਚਨ

(416) 970-5005 www.vipcondonetwork.com

80 Maritime Ontario Blvd #246 Brampton, ON L6S 0E7 Call: 905-488-2100 Fax : 905-488-2101


### ਨੇਪਾਲ ਦੀ ਪਾਰਲੀਮੈਂਟ ਭੰਗ:

# ਰਾਸ਼ਟਰਪਤੀ ਵੱਲੋਂ ਨਵੰਬਰ ਵਿੱਚ ਮੱਧ-ਕਾਲੀ ਚੋਣਾਂ ਦਾ ਐਲਾਨ



ਕਾਠਮੰਡੂ, 23 ਮਈ (ਪੋਸਟ ਬਿਊਰੋ)- ਕੋਰੋਨਾ ਮਹਾਮਾਰੀ ਦੇ ਦੌਰਾਨ ਨੇਪਾਲ ਵਿੱਚ ਸਿਆਸੀ ਸੰਕਟ ਹੋਰ ਡੂੰਘਾ ਹੋ ਗਿਆ ਅਤੇ ਰਾਸ਼ਟਰਪਤੀ ਬਿਦਿਆ ਦੇਵੀ ਭੰਡਾਰੀ ਨੇ ਦੇਸ਼ ਦੀ ਪਾਰਲੀਮੈਂਟਭੰਗ ਕਰ ਕੇ 12 ਤੋਂ 19 ਨਵੰਬਰ ਨੂੰ ਮੱਧ-ਕਾਲੀ ਚੋਣਾਂ ਕਰਾਉਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾ ਕਿਹਾ ਕਿ ਮੋਰਚਾਬੰਦੀ ਵਿੱਚ ਲੱਗੇ ਪ੍ਰਧਾਨ ਮੰਤਰੀ ਕੇ ਪੀ ਸ਼ਰਮਾ ਓਲੀ ਅਤੇ ਵਿਰੋਧੀ ਧਿਰ ਦਾ ਗਠਜੋੜ ਸਰਕਾਰ ਬਣਾਉਣ ਦੀ ਸਥਿਤੀ ਵਿੱਚ ਨਹੀਂ ਹਨ। ਰਾਸ਼ਟਰਪਤੀ ਨੇ ਇਹ ਐਲਾਨ ਉਸ ਮੌਕੇ ਕੀਤਾ ਹੈ ਜਦੋਂ ਪ੍ਰਧਾਨ ਮੰਤਰੀ ਓਲੀ ਨੇ ਸ਼ੁੱਕਰਵਾਰ ਦੇਰ ਰਾਤ ਕੈਬਨਿਟ ਦੀ ਹੰਗਾਮੀ ਮੀਟਿੰਗ ਸੱਦ ਕੇ 275 ਮੈਂਬਰੀ ਪਾਰਲੀਮੈਂਟਨੂੰ ਭੰਗ ਕਰਨ ਦੀ ਸਿਫਾਰਸ਼ ਕੀਤੀ ਸੀ। ਰਾਸ਼ਟਰਪਤੀ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਾਰਲੀਮੈਂਟਭੰਗ ਕਰ ਦਿੱਤੀ ਗਈ ਹੈ ਅਤੇ ਨੇਪਾਲ ਦੇ ਸੰਵਿਧਾਨ ਦੀ ਧਾਰਾ 76 (7) ਹੇਠ ਮੱਧ-ਕਾਲੀ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕੀਤਾ ਜਾਂਦਾ ਹੈ। ਮੰਤਰੀ ਮੰਡਲ ਨੇ ਪਹਿਲੇ ਪੜਾਅ ਵਿੱਚ 12 ਨਵੰਬਰ ਤੇ ਦੂਸਰੇ ਪੜਾਅ ਵਿੱਚ 19 ਨਵੰਬਰ ਨੂੰ ਚੋਣਾਂ ਕਰਾਉਣ ਦੀ ਸਿਫਾਰਸ਼ ਕੀਤੀ ਹੈ। ਨੇਪਾਲ ਦਾ ਸਿਆਸੀ ਸੰਕਟ ਉਸ ਵੇਲੇ ਹੋਰ ਡੂੰਘਾ ਹੋ ਗਿਆ, ਜਦੋਂ ਓਲੀ ਅਤੇ ਵਿਰੋਧੀ ਪਾਰਟੀ ਦੋਵਾਂ ਨੇ ਹੀ ਰਾਸ਼ਟਰਪਤੀ ਨੂੰ ਪਾਰਲੀਮੈਂਟਮੈਂਬਰਾਂ ਦੇ ਦਸਤਖਤਾਂ ਵਾਲਾ ਪੱਤਰ ਸੌਂਪ ਕੇ ਨਵੀਂ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕਰ ਦਿੱਤਾ ਸੀ। ਪ੍ਰਧਾਨ ਮੰਤਰੀ ਓਲੀ ਨੇ ਸੰਵਿਧਾਨ ਦੀ ਧਾਰਾ 76 (5) ਅਨੁਸਾਰ ਮੁੜ ਕੇ ਪ੍ਰਧਾਨ ਮੰਤਰੀ ਬਣਨ ਲਈ ਆਪਣੀ ਪਾਰਟੀ ਸੀ ਪੀ ਐਨ (ਯੂ ਐਮ ਐਲ) ਦੇ 121 ਮੈਂਬਰਾਂ ਅਤੇ ਜਨਤਾ ਸਮਾਜਵਾਦੀ ਪਾਰਟੀ ਦੇ 32 ਪਾਰਲੀਮੈਂਟਮੈਂਬਰਾਂ ਦੇ ਸਮਰਥਨ ਦੇ ਦਾਅਵੇ ਵਾਲਾ ਪੱਤਰ ਸੌਂਪਿਆ।

ਇਸ ਤੋਂ ਪਹਿਲਾਂ ਨੇਪਾਲੀ ਕਾਂਗਰਸ ਦੇ ਪ੍ਰਧਾਨ ਸ਼ੇਰ ਬਹਾਦਰ ਦੇਓਬਾ ਨੇ 149 ਮੈਂਬਰਾਂ ਦੇ ਸਮਰਥਨ ਦਾ ਦਾਅਵਾ ਕੀਤਾ ਅਤੇ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨਾਲ ਰਾਸ਼ਟਰਪਤੀ ਦੇ ਦਫਤਰ ਪੁੱਜੇ। ਰਾਸ਼ਟਰਪਤੀ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਸ਼ੇਰ ਬਹਾਦਰ ਦੇਓਬਾ ਅਤੇ ਕੇ ਪੀ ਓਲੀ ਸ਼ਰਮਾ ਦੋਵਾਂ ਦੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਗਿਆ।ਵਿਰੋਧੀ ਧਿਰ ਨੇਪਾਲੀ ਕਾਂਗਰਸ ਨੇ ਕਿਹਾ ਕਿ ਉਹ ਪਾਰਲੀਮੈਂਟਭੰਗ ਕਰਨ ਦੇ ਰਾਸ਼ਟਰਪਤੀ ਬਿਦਿਆ ਦੇਵੀ ਭੰਡਾਰੀ ਦੇ ਫੈਸਲੇ ਖਿਲਾਫ ਸਿਆਸੀ ਤੇ ਕਾਨੂੰਨੀ ਕਾਰਵਾਈ ਦਾ ਸਹਾਰਾ ਲੈਣਗੇ। ਵਿਰੋਧੀ ਧਿਰ ਨੇ ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਕੇ ਪੀ ਓਲੀ ਦੇ ਲਾਭ ਲਈ ਸੰਵਿਧਾਨ ਦੀ ਦੁਰਵਰਤੋਂ ਕਰਨ ਦਾ ਦੋਸ਼ ਲਾਇਆ ਹੈ। ਪਾਰਟੀ ਦੇ ਬੁਲਾਰੇ ਨੇ ਕਿਹਾ ਕਿ ਨੇਪਾਲੀ ਕਾਂਗਰਸ ਦੇ ਪ੍ਰਧਾਨ ਦੇਓਬਾ ਨੇ 149 ਪਾਰਲੀਮੈਂਟਮੈਂਬਰਾਂ ਦੇ ਸਮਰਥਨ ਵਾਲਾ ਪੱਤਰ ਸੌਂਪ ਕੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਦਾਅਵਾ ਪੇਸ਼ ਕੀਤਾ ਸੀ, ਪਰ ਰਾਸ਼ਟਰਪਤੀ ਨੇ ਉਨ੍ਹਾਂ ਦੇ ਦਾਅਵੇ ਨੂੰ ਰੱਦ ਕਰਦੇ ਹੋਏ ਓਲੀ ਨੂੰ ਹੀ ਪ੍ਰਧਾਨ ਮੰਤਰੀ ਬਣੇ ਰਹਿਣ ਦੀ ਮਦਦ ਕੀਤੀ। ਇਹ ਕਦਮ ਨਾ ਕੇਵਲ ਗੈਰ ਸੰਵਿਧਾਨਕ ਅਤੇ ਗੈਰ-ਲੋਕਤੰਤਰੀ ਦੇ ਨਾਲ-ਨਾਲ ਅਨੈਤਿਕ ਵੀ ਹੈ।

# ਅਫਗਾਨੀ ਜ਼ਿਲ੍ਹੇ ਉਤੇ ਤਾਲਿਬਾਨ ਨੇ ਕਬਜ਼ਾ ਆਣ ਕੀਤਾ

ਕਾਬੁਲ, 23 ਮਈ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਵਰਦਕ ਸੂਬੇ ਦੇ ਜਲਰੇਜ ਜ਼ਿਲ੍ਹੇ ’ਤੇ ਤਾਲਿਬਾਨ ਅੱਤਵਾਦੀਆਂ ਨੇ ਕਬਜ਼ਾ ਕਰ ਲਿਆ। ਇਸ ਜ਼ਿਲ੍ਹੇ ਨੂੰ ਛੁਡਾਉਣ ਲਈ ਫੌਜ ਨੇ ਮੁਹਿੰਮ ਵਿੱਢੀ ਹੈ, ਜਦ ਕਿ ਵੱਖ-ਵੱਖ ਹਵਾਈ ਹਮਲਿਆਂ ਵਿੱਚ ਚਾਲੀ ਅੱਤਵਾਦੀ ਮਾਰੇ ਗਏ। ਇੱਕ ਹੋਰ ਘਟਨਾ ਵਿੱਚ ਪੰਜ ਪੁਲਸ ਮੁਲਾਜ਼ਮਾਂ ਦੀ ਮੌਤ ਦੀ ਖਬਰ ਹੈ।

ਜੰਗ ਪ੍ਰਭਾਵਤ ਇਸ ਦੇਸ਼ ਵਿੱਚ ਅਮਰੀਕੀ ਫੌਜ ਦੀ ਵਾਪਸੀ ਸ਼ੁਰੂ ਹੋਣ ਤੋਂ ਬਾਅਦ ਹਿੰਸਾ ਵਧ ਗਈ ਹੈ।ਸਥਾਨਕ ਮੀਡੀਆ ਅਨੁਸਾਰ ਕਈ ਦਿਨਾਂ ਦੇ ਸੰਘਰਸ਼ ਮਗਰੋਂ ਤਾਲਿਬਾਨ ਅੱਤਵਾਦੀਆਂ ਨੇ ਜਲਰੇਜ ਜ਼ਿਲ੍ਹੇ ’ਤੇ ਕਬਜ਼ਾ ਕਰ ਲਿਆ ਹੈ। ਇੱਥੋਂ ਦੀਆਂ ਸਰਕਾਰੀ ਇਮਾਰਤਾਂ ਉਤੇ ਕਬਜ਼ਾ ਕਰਨ ਤੋਂ ਬਾਅਦ ਅੱਤਵਾਦੀਆਂ ਨੇ ਚਾਲੀ ਫੌਜੀਆਂ ਨੂੰ ਵੀ ਬੰਦੀ ਬਣਾ ਲਿਆ। ਇਸ ਦੌਰਾਨ ਅਫਗਾਨ ਹਵਾਈ ਫੌਜ ਨੇ ਜ਼ਿਲ੍ਹੇ ਵਿੱਚ ਅੱਤਵਾਦੀਆਂ ਨੂੰ ਨਿਸ਼ਾਨਾ ਬਣਾਇਆ ਤੇ ਦਸ ਲੋਕਾਂ ਨੂੰ ਮਾਰ ਦਿੱਤਾ। ਰੱਖਿਆ ਮੰਤਰਾਲੇ ਨੇ ਕਿਹਾ ਕਿ ਛੇਤੀ ਹੀ ਇਹ ਜ਼ਿਲਾ ਛੁਡਾ ਲਿਆ ਜਾਵੇਗਾ।

ਦੂਜੇ ਪਾਸੇ, ਜਾਬੁਲ ਸੂਬੇ ਵਿੱਚ ਵੀਰਵਾਰ ਰਾਤ ਇੱਕ ਪੁਲਸ ਸਟੇਸ਼ਨ ’ਤੇ ਹਮਲੇ ਵਿੱਚ ਪੰਜ ਪੁਲਸ ਮੁਲਾਜ਼ਮ ਤੇ ਸੱਤ ਅੱਤਵਾਦੀ ਮਾਰੇ ਗਏ। ਹੇਲਮੰਦ ਸੂਬੇ ਵਿੱਚ ਹਵਾਈ ਫੌਜ ਦੇ ਹਮਲੇ ਵਿੱਚ 14 ਅੱਤਵਾਦੀਆਂ ਦੇ ਮਾਰੇ ਜਾਣ ਦੀ ਖਬਰ ਹੈ। ਇਸੇ ਤਰ੍ਹਾਂ ਦੀ ਹੋਰ ਕਾਰਵਾਈ ਵਿੱਚ ਅੱਠ ਹੋਰ ਅੱਤਵਾਦੀ ਢੇਰ ਕਰ ਦਿੱਤੇ ਗਏ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

CANADIAN GLASS AND WINDOW

SINGH (TOCHI)
416-454-3031
647-784-8240
Email: tochisangha1@hotmail.com

ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

4165618882, 4164544587

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ

ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post


# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

WWW.KULWINDERCHHINA.COM



KULWINDERCHHINA
BROKER
647.293.2327



## Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5'11'', ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'7'', ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੈਨੇਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

ਇਕਲੌਤਾ ਲੜਕਾ ਅਰੋੜਾ ਖੱਤਰੀ ਸਿੰਘ, ਵੈਸ਼ਨੂੰ ਪਰਿਵਾਰ, ਪੂਰਨ ਗੁਰ ਸਿੱਖ, ਉਮਰ 24 ਸਾਲ, ਕੱਦ 5 ਫੁਟ 7 ਇੰਚ, ਇੰਗਲੈਂਡ ਦਾ ਚਾਰ ਸਾਲ ਦਾ ਸਟੱਡੀ ਵੀਜ਼ਾ ਮਿਲਿਆ ਹੋਇਆ ਹੈ, ਲਈ ਲੜਕੀ ਦੀ ਲੋੜ ਹੈ। ਮਾਤਾ ਆਸਟ੍ਰੇਲੀਆ ਵਿਚ ਨੈਨੀ ਬੇਸ 'ਤੇ ਗਈ ਹੈ, 2 ਸਾਲ ਦਾ ਵਰਕ ਪਰਮਿਟ। ਪਿਤਾ ਕਰੰਸੀ ਬਦਲੀ ਦਾ ਕੰਮ ਕਰਦਾ ਹੈ, ਪੰਜ ਦੁਕਾਨਾਂ ਕਿਰਾਏ ਉਤੇ ਹਨ, ਰੋਜ਼ ਦੀ 5000 ਆਮਦਨ। ਮੋਗਾ ਇਲਾਕੇ ਨੂੰ ਪਹਿਲ। ਸੰਪਰਕ : ਕੈਪਟਨ ਇਕਬਾਲ ਸਿੰਘ 647-631-9445

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ-Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

Call for Free Estimates
A-1 RENOVATION GTA INC
416-456-1462
OVER 15 YEARS OF SERVICE
Professionals in Completing Basements within 3 Weeks
$1,000
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
info@a1renovationgta.com
www.a1renovationgta.com
A-1 RENOVATION GTA INC.
22 Listcreek Road, Brampton L6p 2n6

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



ਹਰਜੀਤ ਧਨੋਆ
416.230.4000 • 647.409.1092
www.STARLANEPAINTING.com

You can Place Your Business Here
(905)793-2202
To Reach Wider Audience
For more info Call 905-793-2202 or e-mail ads@punjabipost.ca

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Check our Free E-paper at:
www.canadianpunjabipost.ca
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202
ਕੈਨੇਡੀਅਨ ਪੰਜਾਬੀ ਪੋਸਟ

WANTED
Panjabi Nannies, Caregivers, Cleaning ladies and Cooks for GTA. Please contact at the earliest at: 416-275-7010

A/Z CITY DRIVER WANTED
INNOVATION Transportation
◦A/Z City Drivers Needed
◦Good Pay and good Mileage
◦Day, Afternoon & Weekend Shifts
◦Weekly Pay
$22 /Hour
◦7 Days Work ◦All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

UPPAL LAW



AVTAR UPPAL
Manager

IMMIGRATION SERVICES
* Visitor Visa
* Super Visa
* Study,Work,Visitor Extension Visa
* Spousal Applications
* Family Sponsorship
* Permanent Residence Card Renewal
* Citizenship Application
* All Invitation Letters

OTHER PRACTICES
* Criminal Law
* Family Law
* Power of Attorney
* Change of Name
* Notarization
* Travel Consent
* Affidavit
* Landlord and Tenant Matters



AMAN UPPAL
Barrister,Solicitor

FREE Consultation

Tel: 905-500-1507
351 Parkhurst Square, # 16,
Brampton,ON L6T 0C2, Fax: 905-672-7848

* PRIOR APPOINTMENT NECESSARY

